# 31

# ਸਾਡੇ ਦੋ ਪਰਿਵਾਰ

## ਮੱਤੀ 12:46-50; ਮਰਕੁਸ 3:20, 21, 31-35; ਲੂਕਾ 8:19-21, ਇਕ ਨੇੜ ਝਾਤ

ਗਲੀਲ ਦੇ ਦੂਜੇ ਦੌਰੇ ਦੇ ਅਖ਼ੀਰ ਵਿਚ, ਯਿਸੂ ਦਾ ਇਕ ਦਿਨ ਮਸਰੂਫ਼ ਰਿਹਾ।[1] ਇਸ ਦਿਨ ਦੀ ਸ਼ੁਰੂਆਤ ਅੰਨ੍ਹੇ ਅਤੇ ਬੋਲੇ, ਭੂਤ ਚੰਬੜੇ ਆਦਮੀ ਨੂੰ ਚੰਗਾ ਕਰਨ ਨਾਲ ਹੋਣੀ ਸੀ (ਮੱਤੀ 12:22, 23)। ਇਸ ਨਾਲ ਯਿਸੂ ਉੱਤੇ ਇਹ ਇਲਜ਼ਾਮ ਲਗ ਗਿਆ ਕਿ ਉਸ ਨੇ ਸ਼ੈਤਾਨ ਦੀ ਸ਼ਕਤੀ ਨਾਲ ਭੂਤ ਨੂੰ ਕੱਢਿਆ ਸੀ (ਮੱਤੀ 12:23–30)। ਇਸ ਇਲਜ਼ਾਮ ਉੱਤੇ ਯਿਸੂ ਦੇ ਜਵਾਬ ਤੋਂ ਬਾਅਦ ਉਸਦੇ ਦੁਸ਼ਮਣਾਂ ਨੇ ''ਅਕਾਸ਼ੋਂ ਨਿਸ਼ਾਨ'' ਵਿਖਾਉਣ ਦੀ ਮੰਗ ਕੀਤੀ (ਲੂਕਾ 11:16)। ਟਕਰਾਅ ਨਾਲ ਭਰੇ ਦਿਨ ਵਿਚ, ਇਕ ਛੋਟੀ ਜਿਹੀ ਵੱਖਰੀ ਘਟਨਾ ਵਾਪਰੀ। ਮਰਕੁਸ ਦਾ ਵਿਰਤਾਂਤ ਦੱਸਦਾ ਹੈ:

> ਤਦ ਉਹ ਦੀ ਮਾਤਾ ਅਰ ਉਹ ਦੇ ਭਰਾ ਆਏ ਅਤੇ ਬਾਹਰ ਖੜੇ ਕੇ ਉਹ ਨੂੰ ਬੁਲਾ ਭੇਜਿਆ। ਅਤੇ ਬਹੁਤ ਲੋਕ ਉਹ ਦੇ ਚੁਫੇਰੇ ਬੈਠੇ ਸਨ ਸੋ ਉਹਨੂੰ ਆਖਣ ਲੱਗੇ, ਵੇਖ ਤੇਰੀ ਮਾਂ ਅਤੇ ਤੇਰੇ ਭਰਾ ਬਾਹਰ ਤੈਨੂੰ ਢੂੰਡਦੇ ਹਨ। ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਕੌਣ ਹੈ ਮੇਰੀ ਮਾਤਾ ਅਤੇ ਮੇਰਾ ਭਰਾ? ਅਤੇ ਉਹ ਨੇ ਉਨ੍ਹਾਂ ਵੱਲ ਜਿਹੜੇ ਉਸ ਦੇ ਆਲੇ ਦੁਆਲੇ ਬੈਠੇ ਸਨ ਚੌਹੀਂ ਪਾਸੀਂ ਨਿਗਾਹ ਕਰ ਕੇ ਆਖਿਆ, ਔਹ ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ! ਕਿਉਂਕਿ ਜੋ ਕੋਈ ਪਰਮੇਸ਼ੁਰ ਦੀ ਮਰਜ਼ੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ (3:31–35)।

ਇਸ ਭਾਗ ਨੂੰ ਪੜ੍ਹਨ ਤੇ ਮਨ ਵਿਚ ਕਈ ਸਵਾਲ ਦਿਮਾਗ ਵਿਚ ਆਉਂਦੇ ਹਨ ਕਿ ''ਇੰਜੀਲ ਦੇ ਲੇਖਕਾਂ ਦਾ ਇਹ ਦੱਸਣ ਦਾ ਮਕਸਦ ਕੀ ਸੀ?''; ''ਯਿਸੂ ਨੇ ਆਪਣੇ ਪਰਿਵਾਰ, ਖ਼ਾਸ ਕਰ ਆਪਣੀ ਮਾਤਾ ਨੂੰ ਮਾਨਤਾ ਕਿਉਂ ਨਹੀਂ ਦਿੱਤੀ ਸੀ?'' ''ਪਰਮੇਸ਼ੁਰ ਇਸ ਘਟਨਾ ਤੋਂ ਸਾਨੂੰ ਕੀ ਸਿਖਾਉਣਾ ਚਾਹੁੰਦਾ ਹੈ?''; ''ਸਾਡੇ ਦੋ ਪਰਿਵਾਰ'' ਦਾ ਅਧਿਐਨ ਕਰਦਿਆਂ ਉਮੀਦ ਹੈ ਕਿ ਸਾਨੂੰ ਇਨ੍ਹਾਂ ਅਤੇ ਹੋਰ ਸਵਾਲਾਂ ਦੇ ਜਵਾਬ ਮਿਲ ਗਏ ਹੋਣਗੇ।

## ਯਿਸੂ ਦੇ ਦੋ ਪਰਿਵਾਰ

ਆਓ ਯਿਸੂ ਦੇ ਪਰਿਵਾਰਾਂ ਨਾਲ ਸ਼ੁਰੂਆਤ ਕਰਦੇ ਹਾਂ:

**ਯਿਸੂ ਦਾ ਦੁਨਿਆਵੀ ਪਰਿਵਾਰ**

ਬਹੁਤੇ ਲੋਕਾਂ ਨੂੰ ਪਤਾ ਹੈ ਕਿ ਯਿਸੂ ਦਾ ਜਨਮ ਇਕ ਦੁਨਿਆਵੀ ਪਰਿਵਾਰ ਵਿਚ ਹੋਇਆ ਸੀ। ਯੂਸੁਫ਼ ਉਸ ਦਾ ਕਾਨੂੰਨੀ ਤੌਰ ਤੇ ਪਿਤਾ ਸੀ (ਮੱਤੀ 1:16; ਲੂਕਾ 3:23; ਯੂਹੰਨਾ 1:45; 6:42), ਅਤੇ ਮਰੀਅਮ ਉਸ ਦੀ ਮਾਤਾ ਸੀ (ਮੱਤੀ 1:18; 2:11; 13:55; ਲੂਕਾ 2:34)। ਯਿਸੂ ਦੇ ਜਨਮ ਤਕ ਮਰੀਅਮ ਕੁਆਰੀ ਸੀ; ਪਰ ਉਸ ਦੇ ਜਨਮ ਦੇ ਬਾਅਦ, ਯੂਸੁਫ਼ ਅਤੇ ਮਰੀਅਮ ਪਤੀ–ਪਤਨੀ

ਦੇ ਰੂਪ ਵਿਚ ਇਕੱਠੇ ਰਹਿਣ ਲੱਗ ਪਏ ਸਨ।[2] ''ਯਾਕੂਬ, ਯੂਸੁਫ਼, ਸ਼ਮਊਨ ਅਤੇ ਯਹੂਦਾ'' ਉਨ੍ਹਾਂ ਦੇ ਚਾਰ ਪੁੱਤਰ ਹੋਏ, ਜੋ ਯਿਸੂ ਦੇ ਮਤਰਏ ਭਰਾ ਸਨ (ਮੱਤੀ 13:55; ਵੇਖੋ ਮਰਕੁਸ 6:3)। ਉਨ੍ਹਾਂ ਦੀਆਂ ਘੱਟੋ ਘੱਟ ਤਿੰਨ ਕੁੜੀਆਂ ਵੀ ਸਨ (ਮੱਤੀ 13:55; ਵੇਖੋ ਮਰਕੁਸ 6:3)। ਇਸ ਤਰ੍ਹਾਂ ਮਸੀਹ ਦਾ ਪਾਲਣ ਪੋਸ਼ਣ ਇਕ ਅਜਿਹੇ ਪਰਿਵਾਰ ਵਿਚ ਹੋਇਆ ਸੀ, ਜਿਸ ਵਿਚ ਘੱਟੋ ਘੱਟ ਨੌਂ ਜਣੇ ਸਨ। ਹਰ ਪੱਖੋਂ ਇਹ ਇਕ ਖੁਸ਼ਹਾਲ ਪਰਿਵਾਰ ਸੀ।[3]

ਪਰ ਯਿਸੂ ਨੂੰ ਆਪਣੀ ਆਮ ਸੇਵਕਾਈ ਸ਼ੁਰੂ ਕਰਨ ਲਈ ਘਰ ਛੱਡਣਾ ਪਿਆ ਅਤੇ ਉਹਦੇ ਪਰਿਵਾਰਿਕ ਸਬੰਧ ਬਦਲ ਗਏ। ਇਸ ਨਾਲ ਉਸ ਦੇ ਛੋਟੇ ਭਰਾਵਾਂ ਨੂੰ ਕੁਝ ਖਾਰ ਅਤੇ ਈਰਖਾ ਤਾਂ ਜ਼ਰੂਰ ਹੋਈ ਹੋਵੇਗੀ। ਯੂਹੰਨਾ ਨੇ ਲਿਖਿਆ ਹੈ ਕਿ ਉਹ ਉਸ ਨੂੰ ਮਸੀਹਾ ਦੇ ਰੂਪ ਵਿਚ ਕਬੂਲ ਨਹੀਂ ਕਰਨਾ ਚਾਹੁੰਦੇ ਸੀ ਅਤੇ ਕਈ ਵਾਰ ਤਾਂ ਉਹ ਉਸ ਦਾ ਮਜ਼ਾਕ ਵੀ ਉਡਾਉਂਦੇ ਸਨ (ਯੂਹੰਨਾ 7:3–5)।[4] ਮਸੀਹ ਦੀ ਮਾਤਾ, ਮਰੀਅਮ ਨੂੰ ਇਹ ਸਾਫ਼ ਪਤਾ ਸੀ ਕਿ ਉਹ ਕੌਣ ਹੈ (ਵੇਖੋ ਲੂਕਾ 2:19, 51), ਪਰ ਫਿਰ ਵੀ ਉਹ ਉਸਦੇ ਮਕਸਦ ਨੂੰ ਪੂਰਾ ਨਹੀਂ ਸਮਝਦੀ ਸੀ (ਵੇਖੋ ਯੂਹੰਨਾ 2:3, 4)।

ਇਹ ਸਾਨੂੰ ਮਰਕੁਸ 3 ਦੀ ਘਟਨਾ ਵਿਚ ਲੈ ਆਉਂਦਾ ਹੈ। ਕੁਝ ਪਿਛੋਕੜ ਪਾਉਣ ਲਈ ਆਓ ਆਇਤ 20 ਨਾਲ ਚਰਚਾ ਸ਼ੁਰੂ ਕਰਦੇ ਹਾਂ:

> ਉਹ ਘਰ ਆਇਆ ਅਰ ਫੇਰ ਐੱਨੀ ਭੀੜ ਇਕੱਠੀ ਹੋਈ ਜੋ ਓਹ ਰੋਟੀ ਵੀ ਨਾ ਖਾ ਸੱਕੇ। ਜਾਂ ਉਹ ਦੇ ਸਾਕਾਂ ਨੇ ਇਹ ਸੁਣਿਆ ਤਾਂ ਓਹ ਉਸਦੇ ਫੜ੍ਹਨ ਨੂੰ ਨਿੱਕਲੇ ਕਿਉਂ ਜੋ ਉਨ੍ਹਾਂ ਆਖਿਆ, ਉਹ ਆਪਣੇ ਆਪ ਤੋਂ ਬਾਹਰ ਹੋ ਗਿਆ ਹੈ[5] (ਮਰਕੁਸ 3:20, 21)।

NIV ਵਿਚ ''ਉਸ ਦੇ ਸਾਕਾਂ'' ਦੀ ਥਾਂ ''ਉਸ ਦਾ ਪਰਿਵਾਰ'' ਹੈ।[6] ''ਫੜ੍ਹਨ ਲਈ'' ਵਾਕ ਅੰਸ਼ ਤੋਂ ਸੰਕੇਤ ਮਿਲਦਾ ਹੈ ਕਿ ਉਹ ਯਿਸੂ ਨੂੰ ਆਪਣੇ ਨਾਲ ਲਿਜਾਣ ਲਈ ਆਏ ਸਨ, ਭਾਵੇਂ ਉਹ ਜਾਣ ਨੂੰ ਤਿਆਰ ਹੋਵੇ ਜਾਂ ਨਾ ਹੋਵੇ।[7]

ਸੰਭਵ ਹੈ ਕਿ ਯਿਸੂ ਨੂੰ ਖਾਣੇ ਲਈ ਸਮਾਂ ਨਾ ਮਿਲ ਪਾਉਣਾ ਹੀ ਇਸਦਾ ਇੱਕੋ ਕਾਰਣ ਨਹੀਂ ਸੀ ਕਿ ਉਸ ਦੇ ਮਾਤਾ ਪਿਤਾ ਅਤੇ ਪਰਿਵਾਰ ਦੇ ਲੋਕਾਂ ਨੂੰ ਲੱਗਾ ਕਿ ਉਹ ''ਆਪੇ ਤੋਂ ਬਾਹਰ ਹੋਗਿਆ ਹੈ।''[8] ਵਿਲੀਅਮ ਬਾਰਕਲੇ ਨੇ ਕਈ ਕਾਰਣ ਗਿਣਾਏ ਜੋ ਇਸ ਫ਼ੈਸਲੇ ਤੇ ਪੁੱਜਣ ਲਈ ਜ਼ਿੰਮੇਵਾਰ ਹੋ ਸਕਦੇ ਹਨ:[9]

(1) ਯਿਸੂ ਨੇ ਆਪਣੀ ਸੁਰੱਖਿਆ ਦੀ ਕੋਈ ਪਰਵਾਹ ਨਹੀਂ ਕੀਤੀ ਸੀ। ਕੌਣ ਅਜਿਹਾ ਸਮਝਦਾਰ ਹੋਵੇਗਾ ਜੋ ਉਸ ਕੰਮ ਨੂੰ, ਜਿਸ ਨਾਲ ਉਸ ਨੂੰ ਹਰ ਹਫ਼ਤੇ ਪੈਸਾ ਮਿਲ ਰਿਹਾ ਹੋਵੇ, ਛੱਡ ਦੇਵੇ, ਤਾਂ ਜੋ ਉਹ ਅਜਿਹਾ ਅਵਾਰਾ ਬਣ ਜਾਵੇ, ਜਿਸ ਨੂੰ ਸਿਰ ਲੁਕਾਉਣ ਦੀ ਵੀ ਥਾਂ ਨਾ ਮਿਲੇ?

(2) ਯਿਸੂ ਨੂੰ ਸਾਫ਼ ਹੈ ਕਿ ਸੁਰੱਖਿਆ ਦੀ ਕੋਈ ਲੋੜ ਨਹੀਂ ਸੀ। ਕਿਹੜਾ ਸਮਝਦਾਰ ਆਦਮੀ ਹੋਵੇਗਾ, ਜਿਹੜਾ ਪੂਰੀ ਯਹੂਦੀ ਸ਼ਰ੍ਹਾ ਦਾ ਸਾਹਮਣਾ ਕਰਕੇ ਉਹਦੇ ਨਾਲ ਲੜੇ, ਜਿਸ ਵਿਚ ਉਸ ਦੀ ਹਾਰ ਵੀ ਹੋਣੀ ਸੀ?

(3) ਯਿਸੂ ਆਪਣੇ ਆਪ ਨੂੰ ਸਮਾਜ ਦੀ ਮੁੱਖ ਧਾਰਾ ਨਾਲੋਂ ਵੱਖ ਕਹਿ ਰਿਹਾ ਸੀ। ਕੀ ਅਨਪੜ੍ਹ ਲੋਕਾਂ ਨਾਲ ਮੇਲ ਕਰਕੇ, ਜਿਨ੍ਹਾਂ ਵਿੱਚੋਂ ਬਹੁਤ ਮਜ਼ਬੂਤ, ਅਤੇ ਕੁਝ ਸ਼ੱਕੀ ਸੁਭਾਅ ਦੇ ਇੱਜਤਦਾਰ ਲੋਕ ਵੀ ਸਨ, ਕਾਮਯਾਬੀ ਦੀ ਉਮੀਦ ਰੱਖਣ ਵਾਲਾ ਆਦਮੀ ਸਮਝਦਾਰ ਹੀ ਹੁੰਦਾ ਹੈ।[10]

ਬਰਟਨ ਕਾਫ਼ਮੈਨ ਨੇ ਲਿਖਿਆ ਹੈ:

> ਦੁਨਿਆਵੀ ਅਤੇ *[ਨਵਾਂ ਜਨਮ ਨਾ ਪਾਏ]* ਲੋਕਾਂ ਲਈ ਖ਼ੁਦਾ ਦੀ ਸੇਵਾ ਦਾ ਜੋਸ਼ ਕਦੇ ਸਪੱਸ਼ਟ ਨਹੀਂ ਰਿਹਾ। ਕਾਰੋਬਾਰ, ਜੰਗ, ਵਿਗਿਆਨ, ਅਨੰਦ, ਸਿਆਸਤ ਜਾਂ ਕਿਸੇ ਵੀ ਦੁਨਿਆਵੀ

ਕੰਮ ਲਈ ਲਗਨ ਦੀ ਤਾਰੀਫ਼ ਕੀਤੀ ਜਾਂਦੀ ਹੈ, ਉਸ ਨੂੰ ਸਲਾਹਿਆ ਜਾਂਦਾ ਹੈ ਅਤੇ ਉਸ ਦੀ ਜੋਸ਼ੀਲੇ ਢੰਗ ਨਾਲ ਨਕਲ ਕੀਤੀ ਜਾਂਦੀ ਹੈ; ਪਰ ਕਿਸੇ ਵੱਲੋਂ ਆਪਣੇ ਆਪ ਨੂੰ ਪਵਿੱਤਰ ਧਰਮ ਦੀ ਸੇਵਾ ਲਈ ਪੂਰੀ ਤਰ੍ਹਾਂ ਸਮਰਪਿਤ ਕਰ ਦੇਣ ਤੇ, ਗੁਆਂਢੀ ਸਿਰ ਹਿਲਾਉਂਦੇ ਹੋਏ ਕਹਿਣ ਲਗ ਪੈਂਦੇ ਹਨ, ''ਉਨ੍ਹਾਂ ਦਾ ਦਿਮਾਗ਼ ਖਰਾਬ ਹੋ ਗਿਆ ਹੈ!''[11]

ਅਸੀਂ ਇਹ ਨਹੀਂ ਜਾਣਦੇ ਕਿ ਆਇਤ 21 ਵਾਲੇ ''ਉਸ ਦੇ ਸਾਕ'' ਆਇਤ 31 ਵਾਲੇ ''ਉਸਦੀ ਮਾਤਾ ਅਤੇ ਭਰਾ'' ਹੀ ਹਨ, ਪਰ ਇਕ ਗੱਲ ਸੁਭਾਵਿਕ ਹੈ ਕਿ ਆਇਤ 21 ਵਿਚ ਮਸੀਹ ਦੇ ''ਸਾਕਾਂ'' ਨੇ ਫ਼ੈਸਲਾ ਕੀਤਾ ਕਿ ਉਹ ਉਸ ਨੂੰ ਫੜ੍ਹ ਲੈਣ, ਸੋ ਉਹ ਓਧਰ ਨੂੰ ਜਿੱਥੇ ਉਹ ਸੀ, *''ਨਿੱਕਲ ਗਏ।''* ਕੁਝ ਦੇਰ ਬਾਅਦ (ਆਇਤਾਂ 22–29), ''ਉਹਦੀ ਮਾਤਾ ਅਤੇ ਉਹਦੇ ਭਰਾ *ਆਏ*'' (ਆਇਤ 31) । ਯਕੀਨਨ ਇਹ ਲਗਦਾ ਹੈ ਕਿ ਆਇਤ 21 ਅਤੇ 31 ਵਾਲੇ ਲੋਕ ਹੀ ਹਨ।

ਜੇ ਆਇਤ 21 ਅਤੇ 31 ਵਿਚ ਕੋਈ ਸਬੰਧ ਹੈ, ਅਤੇ ਜੇ ਮਰੀਅਮ ਅਤੇ ਯਿਸੂ ਦੇ ਭਰਾ ''ਉਸ ਦੀ ਥਾਂ'' ਉਸ ਦੀ ਮਦਦ ਲਈ ਆਏ ਸਨ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ''ਮਸੀਹ ਦੀ ਮਾਤਾ ਨੇ ਅਜਿਹੀ ਯੋਜਨਾ ਵਿਚ ਉਸ ਦਾ ਸਾਥ ਕਿਉਂ ਦਿੱਤਾ?'' ਆਖ਼ਰ ਉਸ ਨੂੰ ਤਾਂ ਦੂਜਿਆਂ ਨਾਲੋਂ ਵੱਧ ਸਮਝ ਸੀ ਕਿ ਯਿਸੂ ਕੌਣ ਹੈ। ਇਹ ਸਹੀ ਹੈ, ਪਰ ਦੋ ਗੱਲਾਂ ਯਾਦ ਰੱਖੋ: (1) ਬੇਸ਼ੱਕ ਉਹ ਸਭ ਕੁਝ ਜਾਣਦੀ ਸੀ ਕਿ ਯਿਸੂ ਕੌਣ ਹੈ, ਪਰ ਉਸ ਦਾ ਇਹ ਗਿਆਨ ਅਧੂਰਾ ਸੀ; ਅਤੇ (2) ਉਹਦੇ ਜਜ਼ਬਾਤ ਮਾਂ ਵਾਲੇ ਸਨ। ਕੌਣ ਅਜਿਹੀ ਮਾਂ ਹੈ, ਜੋ ਇਹ ਪਤਾ ਲੱਗਣ ਤੇ ਕਿ ਉਸਦਾ ਪੁੱਤਰ ਚੰਗੀ ਤਰ੍ਹਾਂ ਖਾਣਾ ਨਹੀਂ ਖਾ ਰਿਹਾ, ਫ਼ਿਕਰਮੰਦ ਨਾ ਹੋਵੇ? ਸੰਭਵ ਹੈ ਕਿ ਉਹ ਆਪਣੇ ਪੁੱਤਰ ਦਾ ਆਪੇ ਤੋਂ ਬਾਹਰ ਹੋਣ ਦੀ ਗੱਲ ਤੋਂ ਨਿਰਾਸ਼ ਹੋਣ ਵਾਲੇ ਲੋਕਾਂ ਵਿੱਚੋਂ ਨਹੀਂ ਸੀ, ਪਰ ਉਹ ਉਸ ਦੀ ਸੁਰੱਖਿਆ ਬਾਰੇ ਜ਼ਰੂਰ ਫ਼ਿਕਰਮੰਦ ਹੋਵੇਗੀ।[12]

ਪ੍ਰੇਮ ਇਸ ਗੱਲ ਦੀ ਮੰਗ ਕਰਦਾ ਹੈ ਕਿ ਅਸੀਂ ਮਰੀਅਮ ਅਤੇ ਯਿਸੂ ਦੇ ਭਰਾਵਾਂ ਦੇ ਉਦੇਸ਼ਾਂ ਤੇ ਹਰ ਸੰਭਵ ਉਸਾਰੀ ਕਰੀਏ। ਉਨ੍ਹਾਂ ਦੇ ਮਕਸਦ ਗੁਮਰਾਹਕੁੰਨ ਹੋਣ ਦੇ ਬਾਵਜੂਦ ਉਨ੍ਹਾਂ ਦਾ ਇਹੀ ਮੰਨਣਾ ਹੋਵੇਗਾ ਕਿ ਉਨ੍ਹਾਂ ਦੀ ਦਖ਼ਲਅੰਦਾਜ਼ੀ ''ਉਸ ਦੀ ਬੇਹਤਰੀ'' ਲਈ ਹੀ ਹੋਵੇਗੀ।

ਇਹ ਸਾਨੂੰ ਮਰਕੁਸ 3:31 ਵਿਚ ਲਿਜਾਂਦਾ ਹੈ: ''ਅਤੇ ਉਸ ਦੀ ਮਾਂ ਅਤੇ ਉਸਦੇ ਭਰਾ ਆਏ'' (ਆਇਤ 31) ਜਿੱਥੇ ਯਿਸੂ ਸੀ। ''ਬਹੁਤ ਲੋਕ ਉਹਦੇ ਚੁਫ਼ੇਰੇ ਬੈਠੇ ਸਨ'' (ਆਇਤ 32), ਅਤੇ ਮਸੀਹ ਉਨ੍ਹਾਂ ਨਾਲ ''ਗੱਲਾਂ ਪਿਆ ਕਰਦਾ ਸੀ'' (ਮੱਤੀ 12:46)। ਲੋਕ ਯਿਸੂ ਦੇ ਦੁਆਲੇ ਐਨਾ ਚਿਪਕੇ ਹੋਏ ਸਨ ਕਿ ਮਰੀਅਮ ਅਤੇ ਉਸਦੇ ਭਰਾ ''ਭੀੜ ਦੇ ਕਾਰਣ ਉਸਨੂੰ ਮਿਲ ਨਾ ਸਕੇ'' (ਲੂਕਾ 8:19[13])।

ਮੱਤੀ ਦੇ ਮੁਤਾਬਕ, ''ਉਹ ਦੀ ਮਾਤਾ ਅਤੇ ਭਰਾ ਬਾਹਰ ਖੜੇ ਸਨ, ਅਤੇ ਉਸ ਨਾਲ ਗੱਲ ਕਰਨੀ ਚਾਹੁੰਦੇ ਸਨ'' (12:46)। ਉਨ੍ਹਾਂ ਯਿਸੂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੋਵੇਗੀ, ਪਰ ਜਾਂ ਤਾਂ ਉਸ ਨੇ ਉਨ੍ਹਾਂ ਨੂੰ ਸੁਣਿਆ ਨਹੀਂ ਜਾਂ ਸੁਣ ਕੇ ਅਣਸੁਣਿਆ ਕਰ ਦਿੱਤਾ ਹੋਵੇਗਾ। ਉਨ੍ਹਾਂ ਨੇ ਸੁਨੇਹਾ ਭੇਜਿਆ ਕਿ ਉਹ ਉਹਦੇ ਨਾਲ ਗੱਲ ਕਰਨੀ ਚਾਹੁੰਦੇ ਹਨ। ਮੈਂ ਉਨ੍ਹਾਂ ਨੂੰ ਭੀੜ ਦੇ ਬਾਹਰ ਕਿਸੇ ਦੇ ਕੰਨ ਵਿਚ ਇਹ ਕਹਿੰਦਿਆਂ ਵੇਖ ਸਕਦਾ ਹਾਂ ਕਿ ਫਿਰ ਉਸ ਬੰਦੇ ਦੇ ਆਪਣੇ ਅਗਲੇ ਬੰਦੇ ਨਾਲ ਅਤੇ ਸੁਨੇਹਾ ਇਵੇਂ ਅੱਗੇ ਭੇਜਦੇ ਵੇਖ ਸਕਦਾ ਹਾਂ: ''ਅੱਗੇ ਦੱਸ ਦਿਓ। ਯਿਸੂ ਦੀ ਮਾਤਾ ਅਤੇ ਭਰਾ ਆਏ ਹਨ! ਉਹ ਉਸ ਨੂੰ ਮਿਲਣਾ ਚਾਹੁੰਦੇ ਹਨ!'' ਅਖ਼ੀਰ ਵਿਚ, ਸੰਦੇਸ਼ ਪਹਿਲੀ ਕਤਾਰ ਵਿਚ ਪਹੁੰਚ ਗਿਆ ਅਤੇ ਕਈਆਂ[14] ਮਸੀਹ ਨੂੰ ਟੋਕਿਆ: ''ਵੇਖ ਤੇਰੀ ਮਾਤਾ ਅਤੇ ਤੇਰੇ ਭਰਾ ਬਾਹਰ ਤੈਨੂੰ ਢੂੰਡਦੇ ਹਨ'' (ਮਰਕੁਸ 3:32)।

ਉਨ੍ਹਾਂ ਦੀ ਮੰਸ਼ਾ ਭਾਵੇਂ ਸਹੀ, ਮਾੜੀ ਜਾਂ ਰਲੀ ਮਿਲੀ ਸੀ, ਪਰ ਯਿਸੂ ਦੇ ਪਰਿਵਾਰ ਦੇ ਲੋਕ ਸੰਦੇਸ਼ ਪੂਰਾ ਹੋਣ ਤਕ ਉਸ ਦੀ ਉਡੀਕ ਕਰਨ ਨੂੰ ਤਿਆਰ ਨਹੀਂ ਸਨ। ਅਸਲ ਵਿਚ, ਉਹ ਕਹਿ ਰਹੇ

ਸਨ, ''ਅਸੀਂ *ਪਰਿਵਾਰ* ਹਾਂ। ਤੈਨੂੰ ਚਾਹੀਦਾ ਹੈ ਕਿ ਰੁਕ ਕੇ *ਹੁਣ* ਸਾਨੂੰ ਮਿਲੇਂ। ਸਾਡੀ ਉਸ ਨਾਲੋਂ ਜੋ ਤੂੰ ਕਰ ਰਿਹਾ ਹੈਂ ਅਹਿਮ ਹੈ!''

**ਯਿਸੂ ਦਾ ਰੂਹਾਨੀ ਪਰਿਵਾਰ**

ਬੇਮੇਲ ਬੇਨਤੀ ਨੇ ਮਸੀਹ ਨੂੰ ''ਧਰਤੀ ਤੇ ਆਪਣੀ ਸੇਵਕਾਈ ਦੀ ਸਭ ਤੋਂ ਵੱਡੀ ਦੁਚਿੱਤੀ'' ਵਿਚ ਪਾ ਦਿੱਤਾ।[15] ਉਹ ਆਪਣੇ ਪਰਿਵਾਰ ਨੂੰ ਡਾਂਟਣ ਤੋਂ ਛੱਡ ਰਿਹਾ ਹੋਵੇਗਾ, ਪਰ ਉਹ ਉੱਥੇ ਮੌਜੂਦ ਅਤੇ ਉਨ੍ਹਾਂ ਨੂੰ ਕੰਮ ਦੀ ਪ੍ਰਕਿਰਤੀ ਅਤੇ ਇਸ ਦਾ ਮਹੱਤਵ ਵੀ ਸਮਝਾ ਰਿਹਾ ਸੀ।

ਜੇ ਮੈਨੂੰ ਇਸ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਤਾਂ ਮੈਂ ਤਾਂ ਕਰ ਨਹੀਂ ਸਕਣਾ ਸੀ। ਮੈਨੂੰ ਸਿਰਫ਼ ਇਕ ਵਾਰ ਦੀ ਗੱਲ ਯਾਦ ਹੈ, ਜਿਸ ਵਿਚ ਕਿਸੇ ਗੱਲ ਦੌਰਾਨ ਮੈਂ ਝੱਟ ਜਵਾਬ ਦਿੱਤਾ ਹੋਵੇਗਾ ਅਤੇ ਉਹ ਵੀ ਹੋਸ਼ ਵਿਚ ਨਹੀਂ। ਮੈਂ ਤਹਲਿਕਾਹ, ਓਕਲਾਹੋਮਾ ਵਿਚ ਮਸੀਹ ਦੀ ਕਲੀਸੀਆ ਦੇ ਹਾਲ ਵਿਚ ਵਿਜ਼ੁਅਲ ਏਡਜ਼ ਵਿਖਾ ਰਿਹਾ ਸਾਂ। ਮੈਂ ਪਲੇਟਫ਼ਾਰਮ ਦੇ ਅੱਗੇ ਪਿੱਛੇ ਜਾ ਰਿਹਾ ਸਾਂ, ਜਿਸ ਵਿਚ ਵੱਖ ਵੱਖ ਤਰ੍ਹਾਂ ਦੀਆਂ ਟੀਚਿੰਗ ਏਡਜ਼ ਸਨ। ਇਕ ਗੱਲ ਤੇ ਮੈਂ ਪਿੱਛੇ ਪਲੇਟਫ਼ਾਰਮ ਤੇ ਇਕ ਹੋਰ ਬਣੀ ਪੌੜੀ ਤੋਂ ਹੇਠਾਂ ਚਲਿਆ ਗਿਆ। ਪੌੜੀਆਂ ਤੇ ਸੰਭਲਦੇ ਹੋਏ, ਮੇਰੇ ਮੂੰਹ ਵਿੱਚੋਂ ਨਿਕਲ ਗਿਆ, ''ਅਤੇ ਇਹ ਆਇਤ ਇਹੀ ਸਮਝਾਉਂਦੀ ਹੈ, 'ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ।' '' ਪਰ ਆਮ ਤੌਰ ਤੇ ਕਿਸੇ ਨਵੀ ਮੁਸ਼ਕਿਲ ਵੇਲੇ ਮੈਨੂੰ ਗੱਲ ਨਹੀਂ ਆਉਂਦੀ।

ਅਜਿਹੀ ਹਾਲਤ ਵਿਚ ਉੱਤਮ ਗੁਰੂ ਨੇ ਕੀ ਕਰਨ ਲਈ ਆਖਿਆ? ਉਸ ਨੇ ਬੇ ਮੌਕਾ ਰੁਕਾਵਟ ਨੂੰ ਮੌਕੇ ਦੇ ਮੁਤਾਬਕ ਬਦਲ ਲਿਆ। ਉਸ ਨੇ ਪੁੱਛਿਆ, ''ਕੌਣ ਹੈ ਮੇਰੀ ਮਾਤਾ ਅਤੇ ਕੌਣ ਮੇਰੇ ਭਰਾ?'' (ਮੱਤੀ 12:48)। ਫਿਰ ਉਸ ਨੇ ਆਪੇ ਜਵਾਬ ਦਿੱਤਾ, ''... ਜੋ ਕੋਈ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ, ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ'' (ਮੱਤੀ 12:50)।

ਇਨ੍ਹਾਂ ਸ਼ਬਦਾਂ ਨਾਲ ਮਸੀਹ ਦੁਨਿਆਵੀ ਪਰਿਵਾਰ ਦਾ ਮਹੱਤਵ ਘੱਟ ਨਹੀਂ ਕਰ ਰਿਹਾ ਸੀ।[16] ਕੁਝ ਡਿਨੋਮੀਨੇਸ਼ਨਾਂ ਇਸ ਗੱਲ ਤੇ ਜ਼ੋਰ ਦੇ ਰਹੀਆਂ ਹਨ ਕਿ ਉਨ੍ਹਾਂ ਦੇ ਚੇਲੇ ਆਪਣੇ ਪਰਿਵਾਰਾਂ ਤੋਂ ਨਾਤਾ ਤੋੜ ਲੈਣ, ਪਰ ਯਿਸੂ ਨੇ ਅਜਿਹਾ ਕੋਈ ਨਿਅਮ ਨਹੀਂ ਸਿਖਾਇਆ, ਨਾ ਹੀ ਉਸ ਨੇ ਇਸ ਨੂੰ ਵਧਾਵਾ ਦਿੱਤਾ ਹੈ। ਉਹਦੇ ਲਈ ਪਰਿਵਾਰ ਅਹਿਮ ਸੀ। ਉਸ ਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ਆਪਣੇ ਮਾਤਾ ਪਿਤਾ ਦਾ ਆਦਰ ਅਤੇ ਸੰਭਾਲ ਕਰਨਾ ਛੱਡ ਦੇਣ ਲਈ ਡਾਂਟਿਆ (ਮੱਤੀ 15:1–8)। ਮਰਨ ਤੋਂ ਪਹਿਲਾਂ ਉਸ ਦੇ ਅਖ਼ੀਰਲੇ ਕੰਮਾਂ ਵਿੱਚੋਂ ਇਕ ਆਪਣੀ ਮਾਂ ਦੀ ਦੇਖਭਾਲ ਯਕੀਨੀ ਬਣਾਉਣਾ ਸੀ (ਯੂਹੰਨਾ 19:26, 27)। ਵਿਲੀਅਮ ਅਰਨੌਟ ਲਿਖਦਾ ਹੈ:

> ਉਹ ਪੁੱਤਰ ਅਤੇ ਭਾਈ ਦੇ ਦਿਲੀ ਲਗਾਅ ਨਾਲ ਆਪਣੀ ਮਾਤਾ ਅਤੇ ਭਰਾਵਾਂ ਨੂੰ ਪਿਆਰ ਕਰਦਾ ਸੀ। ਬਚਪਨ ਵਿਚ ਜਿਸ ਗੋਦ ਵਿਚ ਉਹ ਸੁੱਤਾ ਸੀ, ਵੱਡਾ ਹੋਣ ਤਕ ਉਹ ਉਸ ਨੂੰ ਭੁੱਲਿਆ ਨਹੀਂ ਸੀ। ਜਿਹੜੀ ਔਰਤ ਉਸ ਨੂੰ ਜਨਮ ਤੋਂ ਪਿਆਰ ਕਰਦੀ ਆ ਰਹੀ ਸੀ, ਉਹ ਉਸ ਨੂੰ ਮਰਨ ਤਕ ਆਪਣੇ ਦਿਲੋਂ ਪਿਆਰ ਕਰਦਾ ਸੀ।[17]

ਤਾਂ ਵੀ ਪ੍ਰਭੂ ਸਪੱਸ਼ਟ ਕਰਨਾ ਚਾਹੁੰਦਾ ਸੀ ਕਿ ਇਸ ਵਿਚ ਵੀ ਡੂੰਘਾ, ਇਸ ਤੋਂ ਵੀ ਕੀਮਤੀ ਅਤੇ ਕਿਸੇ ਵੀ ਦੁਟਿਾਵੀ ਰਿਸ਼ਤੇ ਨਾਲੋਂ ਮਜ਼ਬੂਤ ਇਕ ਹੋਰ ਰਿਸ਼ਤਾ ਹੈ।

ਸਮਝਾਉਣ ਲਈ, ਮਸੀਹ ਨੇ ''ਉਨ੍ਹਾਂ ਵੱਲ ਜਿਹੜੇ ਉਸ ਦੇ ਆਲੇ ਦੁਆਲੇ ਬੈਠੇ ਸਨ,ਚੌਹੀਂ ਪਾਸੀਂ ਨਿਗਾਹ ਕਰ ਕੇ ਆਖਿਆ, ਔਹ ਵੇਖੋ ਮੇਰੀ ਮਾਤਾ ਅਤੇ ਮੇਰੇ ਭਰਾ'' (ਮਰਕੁਸ 3:34)। ਮੱਤੀ ਦੇ ਵਿਰਤਾਂਤ ਮੁਤਾਬਕ, ਉਸ ਨੇ ''ਆਪਣੇ ਚੇਲਿਆਂ ਵੱਲ ਆਪਣਾ ਹੱਥ ਪਸਾਰ ਕੇ ਆਖਿਆ, ਵੇਖੋ

ਮੇਰੀ ਮਾਤਾ ਅਤੇ ਮੇਰੇ ਭਰਾ। ਕਿਉਂਕਿ ਜੋ ਕੋਈ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ ਸੋਈ ਮੇਰਾ ਭਰਾ ਅਤੇ ਭੈਣ ਅਤੇ ਮਾਤਾ ਹੈ''[18] (ਮੱਤੀ 12:49, 50)।

ਇਹ ਫ਼ਿਕਰ ਨਾ ਕਰੋ ਕਿ ਤੁਸੀਂ ਯਿਸੂ ਦੇ ''ਭਰਾ'' ਜਾਂ ਉਸ ਦੀਆਂ ''ਭੈਣਾਂ'' ਜਾਂ ਉਸ ਦੀ ''ਮਾਤਾ'' ਹੋ ਸਕਦੇ ਹੋ ਜਾਂ ਨਹੀਂ।[19] ਉਹ ਮਸੀਹੀ ਲੋਕਾਂ ਨੂੰ ''ਵੱਖ ਵੱਖ ਤਿੰਨ ਸ਼੍ਰੇਣੀਆਂ ਵਿਚ ਨਹੀਂ ਵੰਡ ਰਿਹਾ ਸੀ, ਸਗੋਂ ਉਹਦੇ ਇਹ ਕਹਿਣ ਦਾ ਕਿ ''ਜਿਹੜਾ ਮੇਰੇ ਪਿਤਾ ਦੀ ਮਰਜ਼ੀ ਤੇ ਚੱਲਦਾ ਹੈ ਉਹੀ ਮੇਰਾ *ਪਰਿਵਾਰ* ਭਾਵ *ਰੂਹਾਨੀ* ਪਰਿਵਾਰ ਹੈ'' ਹੈਰਾਨੀਜਨਕ ਢੰਗ ਹੈ। ਲੂਕਾ ਦੇ ਸ਼ਬਦਾਂ ਦੀ ਵਰਤੋਂ ਕਰੀਏ ਤਾਂ ਉਸ ਨੇ ਜ਼ੋਰ ਦਿੱਤਾ ਕਿ ਉਸ ਦਾ ਪਰਿਵਾਰ ਉਹੀ ਲੋਕ ਹਨ ''ਜਿਹੜੇ ਪਰਮੇਸ਼ੁਰ ਦਾ ਵਚਨ ਸੁਣਦੇ ਅਤੇ ਮੰਨਦੇ ਹਨ'' (ਲੂਕਾ 8:21)।

ਮੱਤੀ ਅਤੇ ਮਰਕੁਸ ਦੀ ਕਿਤਾਬ ਵਿਚ, ਮਸੀਹ ਪਿਤਾ ਦੀ *''ਮਰਜ਼ੀ''* ਤੇ ਚੱਲਣ ਦੀ ਗੱਲ ਕਰ ਰਿਹਾ ਸੀ, ਜਦ ਕਿ ਲੂਕਾ ਦੀ ਕਿਤਾਬ ਵਿਚ ''*ਪਰਮੇਸ਼ੁਰ* ਦਾ ਵਚਨ'' ਵਰਤਿਆ ਗਿਆ ਹੈ, ਪਰ ਇਸ ਵਿਚ ਕੋਈ ਵਿਰੋਧ ਨਹੀਂ ਹੈ। ਖ਼ੁਦਾ ਦੀ *ਮਰਜ਼ੀ* ਨੂੰ ਜਾਣਨ ਦਾ ਇੱਕੋ ਢੰਗ ਉਸਦਾ *ਵਚਨ* ਹੀ ਹੈ।

ਜੇ ਅਸੀਂ ਖ਼ੁਦਾ ਦੇ ਪਰਿਵਾਰ ਦੇ ਮੈਂਬਰ ਬਣਨਾ ਚਾਹੁੰਦੇ ਹਾਂ ਤਾਂ ਸਾਨੂੰ ਖ਼ੁਦਾ ਦਾ ਵਚਨ ਸੁਣਨਾ ਅਤੇ ਉਸ ਨੂੰ ਮੰਨਣਾ ਪਵੇਗਾ (ਵੇਖੋ ਮੱਤੀ 7:21–27)।[20] ''ਮੰਨਣ'' ਲਈ ਕੀ ਜ਼ਰੂਰੀ ਹੁੰਦਾ ਹੈ? ਵਚਨ ਨੂੰ ''ਮੰਨਣ'' ਲਈ ਉਸ ਤੇ ਜ਼ੋਰ ਦੇ ਕੇ ਉਹ ਸਿਖਾਉਂਦਾ ਹੈ, ਵਿਸ਼ਵਾਸ ਕਰਨਾ, ਉਸ ਦੇ ਹੁਕਮਾਂ ਨੂੰ ਮੰਨਣਾ ਅਤੇ ਸਾਰੀ ਮਰਜ਼ੀ ਹੈ, ਜਿਸ ਦਾ ਉਹ ਵਾਅਦਾ ਕਰਦਾ ਹੈ।[21]

ਮਸੀਹ ਦੇ ਸਮੇਂ ਦੇ ਯਹੂਦੀਆਂ ਨੂੰ ਇਸ ਸਬਕ ਦੀ ਬੜੀ ਲੋੜ ਸੀ। ਉਨ੍ਹਾਂ ਨੂੰ ਲਗਦਾ ਸੀ ਕਿ ਅਬਰਾਹਾਮ ਦੀ ਸੰਤਾਨ ਹੋਣ ਕਰਕੇ ਇਹ ਖ਼ੁਦਾ ਦੇ ਪਰਿਵਾਰ ਦੇ ਲੋਕ ਬਣੇ ਰਹਿਣ ਦੇ ਹੱਕਦਾਰ ਹਨ (ਵੇਖੋ ਲੂਕਾ 3:7–9; ਯੂਹੰਨਾ 8:39)। ਉਨ੍ਹਾਂ ਨੂੰ ਇਹ ਸਮਝ ਹੋਣੀ ਜ਼ਰੂਰੀ ਸੀ ਕਿ ਦੁਨਿਆਵੀ ਰਿਸ਼ਤੇ ਖ਼ੁਦਾ ਦੇ ਘਰਾਣੇ ਵਿਚ ਬਣੇ ਰਹਿਣ ਦੀ ਗਰੰਟੀ ਨਹੀਂ ਸਨ (ਵੇਖੋ ਰੋਮੀਆਂ 9:6, 7)। ਯਿਸੂ ਦੇ ਪਿੱਛੇ ਚੱਲਣ ਦਾ ਫ਼ੈਸਲਾ ਲੈਣ ਲਈ ਅਬਰਾਹਾਮ ਦੀ ਸੰਤਾਨ ਹੋਣਾ ਜ਼ਰੂਰੀ ਨਹੀਂ ਸੀ (ਕੁਲਪੱਤਰੀ ਦਾ ਨਹੀਂ ਹੁਕਮ ਮੰਨਣ ਦੀ ਅਹਿਮੀਅਤ ਸੀ)। ਜੇ ਉਹ ਪਿਤਾ ਨਾਲ ਰਿਸ਼ਤਾ ਬਣਾਈ ਰੱਖਣਾ ਚਾਹੁੰਦੇ ਸਨ, ਤਾਂ ਉਨ੍ਹਾਂ ਲਈ *ਸੁਣਨਾ* ਅਤੇ *ਮੰਨਣਾ* ਜ਼ਰੂਰੀ ਸੀ।

ਤੁਹਾਨੂੰ ਅਤੇ ਮੈਨੂੰ ਵੀ ਇਸ ਸਬਕ ਦੀ ਬਹੁਤ ਲੋੜ ਸੀ। ਵਚਨ ਸੁਣਨਾ ਜ਼ਰੂਰੀ ਹੈ (ਰੋਮੀਆਂ 10:17)। ਹਰ ਰੋਜ਼ ਬਾਈਬਲ ਪੜ੍ਹਨਾ (ਰਸੂਲਾਂ ਦੇ ਕੰਮ 17:11), ਹਰ ਬਾਈਬਲ ਕਲਾਸ ਵਿਚ ਭਾਗ ਲੈਣਾ ਅਤੇ ਬੰਦਗੀ ਵਿਚ ਹਿੱਸਾ ਲੈਣ ਦੀ ਕੋਸ਼ਿਸ਼ ਕਰਨਾ (ਇਬਰਾਨੀਆਂ 10:25) ਸ਼ਲਾਘਾਯੋਗ ਕੰਮ ਹੈ। ਪ੍ਰਚਾਰਕ ਨੂੰ ਆਪਣੇ ਸੁਣਨ ਵਾਲਿਆਂ ਨੂੰ ਬਾਈਬਲਾਂ ਖੋਲ੍ਹਣ ਅਤੇ ਸੰਦੇਸ਼ ਸੁਣ ਕੇ ਲਿਖਦੇ ਵੇਖਣਾ ਚੰਗਾ ਲਗਦਾ ਹੈ (ਵੇਖੋ ਜ਼ਬੂਰ 119:16)। ਫਿਰ ਵੀ ਇਹ ਕੰਮ ਤਾਂ ਸ਼ਲਾਘਾਯੋਗ ਕੰਮ ਹੀ ਹੈ, ਪਰ ਜਦ ਕੋਈ ਸਿਰਫ਼ ਵਚਨ ਸੁਣਨ ਵਾਲਾ ਹੀ ਹੋਵੇ ਅਤੇ ਸੁਣ ਕੇ ਅਮਲ ਨਾ ਕਰੇ ਤਾਂ ਉਸ ਨੂੰ ''ਕੁਝ ਲਾਭ ਨਹੀਂ ਹੋਵੇਗਾ।''[22] ਯਿਸੂ ਦੇ ਮਤਰਏ ਭਾਈ ਯਾਕੂਬ ਨੇ ਲਿਖਿਆ ਹੈ, ''ਪਰ ਵਚਨ ਉੱਤੇ ਅਮਲ ਕਰਨ ਵਾਲੇ ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ'' (ਯਾਕੂਬ 1:22)।

ਅਸੀਂ ਵੇਖਿਆ ਕਿ ਯਿਸੂ ਦੇ ਦੋ ਪਰਿਵਾਰ ਸਨ, ਪਹਿਲਾ ਦੁਨਿਆਵੀ ਅਤੇ ਦੂਜਾ ਰੂਹਾਨੀ। ਉਸ ਨੇ ਦੱਸਿਆ ਕਿ ਦੂਜੇ ਪਰਿਵਾਰ ਦਾ ਮੈਂਬਰ ਪ੍ਰਭੂ ਦਾ ਹੁਕਮ ਮੰਨ ਕੇ ਬਣਿਆ ਜਾ ਸਕਦਾ ਹੈ। ਉਸ ਨੇ ਜ਼ੋਰ ਦਿੱਤਾ ਕਿ ਜਿੰਨਾਂ ਜ਼ਰੂਰੀ ਦੁਨਿਆਵੀ ਪਰਿਵਾਰ ਹੈ, ਓਨਾਂ ਹੀ ਜ਼ਰੂਰੀ ਰੂਹਾਨੀ ਪਰਿਵਾਰ ਵੀ ਹੈ।

## ਮਸੀਹੀ ਆਦਮੀ ਦੇ ਦੋ ਪਰਿਵਾਰ

ਆਓ ਉਨ੍ਹਾਂ ਦੇ ਪਰਿਵਾਰਾਂ ਵਿਚ ਚੱਲਦੇ ਹਾਂ, ਜਿਨ੍ਹਾਂ ਦੇ ਤੁਸੀਂ ਅਤੇ ਮੈਂ ਮੈਂਬਰ ਹਾਂ।

### ਦੁਨਿਆਵੀ ਪਰਿਵਾਰ

ਮੈਨੂੰ ਮਸੀਹੀ ਮਾਤਾ ਪਿਤਾ, ਡੇਵ ਐੱਚ. ਅਤੇ ਲਿਲੀਅਨ ਰੋਪਰ ਅਤੇ ਇਕ ਭਾਈ, ਕੋਏ ਦੀ ਬਰਕਤ ਮਿਲੀ ਹੈ। ਪ੍ਰਭੂ ਨੇ ਮੇਰੀ ਜ਼ਿੰਦਗੀ ਵਿਚ ਇਕ ਮਸੀਹੀ ਪਤਨੀ, ਜੋ; ਤਿੰਨ ਬੇਟੀਆਂ, ਸਿੰਡੀ, ਡੈਬੀ ਅਤੇ ਏਂਜੀ; ਦੋ ਜਵਾਈ, ਰਿਚਰਡ ਹੋਨਾਕਰ ਅਤੇ ਡੈਨ ਲਵਜੌਏ; ਅਤੇ ਦੋ ਦੋਹਤੇ, ਸੇਥ ਡੇਵਿਡ ਅਤੇ ਰੇਚਲ ਦਿੱਤੇ ਹਨ। ਮੇਰੇ ਪਰਿਵਾਰ ਵਿਚ ਇਹ ਅਤੇ ਹੋਰ ਬਰਕਤਾਂ ਜ਼ਿੰਦਗੀ ਨਾਲੋਂ ਵੀ ਪਿਆਰੀਆਂ ਹਨ।

ਤੁਹਾਡਾ ਵੀ, ਜਨਮ ਇਕ ਦੁਨਿਆਵੀ ਪਰਿਵਾਰ ਵਿਚ ਹੋਇਆ ਸੀ। ਉਮੀਦ ਹੈ ਕਿ ਉਹ ਮਸੀਹੀ ਪਰਿਵਾਰ ਸੀ; ਪਰ ਜੇ ਉਹ ਮਸੀਹੀ ਪਰਿਵਾਰ ਨਹੀਂ ਵੀ ਸੀ, ਤਾਂ ਵੀ ਤੁਹਾਨੂੰ ਅਜਿਹੇ ਪਰਿਵਾਰ ਮਿਲੇ ਜੋ ਤੁਹਾਡੀ ਦੇਖਭਾਲ ਅਤੇ ਲੋੜਾਂ ਨੂੰ ਪੂਰਾ ਕਰਦੇ ਸਨ। ਹੋ ਸਕਦਾ ਹੈ ਕਿ ਮੇਰੇ ਵਾਂਗ ਤੁਸੀਂ ਵੀ ਵਿਆਹੇ ਹੋਵੋ ਅਤੇ ਤੁਹਾਡੇ ਵੀ ਬੱਚੇ ਹੋਣ ਜਾਂ ਹੋ ਸਕਦਾ ਹੈ ਕਿ ਨਾ ਹੋਣ। ਜੋ ਵੀ ਹੋਵੇ, ਮੈਨੂੰ ਉਮੀਦ ਹੈ ਕਿ ਤੁਸੀਂ ਪਰਿਵਾਰ ਦੇ ਬੁਨਿਆਦੀ ਮਹੱਤਵ ਲਈ ਖ਼ੁਦਾ ਦਾ ਸ਼ੁਕਰ ਕਰਦੇ ਹੋ। ਇਹ ਖ਼ੁਦਾ ਵੱਲੋਂ ਬਣਾਈ ਗਈ ਪਹਿਲੀ ਸੰਸਥਾ ਸੀ (ਉਤਪਤ 2:18, 21–24; 4:1) ਅਤੇ ਅੱਜ ਵੀ ਸਮਾਜ ਦੇ ਕੋਨੇ ਦਾ ਪੱਥਰ ਹੈ।

ਅਫ਼ਸੋਸ ਦੀ ਗੱਲ ਹੈ ਕਿ ਅੱਜ ਕੁਝ ਲੋਕ ਪਰਿਵਾਰ ਦੀ ਅਹਿਮੀਅਤ ਨੂੰ ਸਮਝ ਨਹੀਂ ਪਾ ਰਹੇ ਹਨ। ਕੁਝ ਲੋਕ ਆਪਣੇ ਪਰਿਵਾਰਾਂ ਨੂੰ ਛੱਡ ਕੇ ਚਲੇ ਜਾਂਦੇ ਹਨ, ਜਦਕਿ ਹੋਰ ਉਨ੍ਹਾਂ ਦੀ ਪਰਵਾਹ ਨਹੀਂ ਕਰਦੇ। ਕਈ ਮਾਤਾ ਪਿਤਾ ਆਪਣੇ ਬੱਚਿਆਂ ਦੀ ਪਰਵਾਹ ਨਹੀਂ ਕਰਦੇ। ਪੌਲੁਸ ਨੇ ਲਿਖਿਆ ਹੈ ਕਿ ''ਜੇ ਕੋਈ ਆਪਣਿਆਂ ਲਈ ਅਤੇ ਖਾਸ ਕਰਕੇ ਆਪਣੇ ਘਰਾਣੇ ਲਈ ਅੱਗੋਂ ਹੀ ਤਰੱਦਦ ਨਹੀਂ ਕਰਦਾ ਤਾਂ ਉਹ ਨਿਹਚਾ ਤੋਂ ਬੇਮੁਖ ਹੋਇਆ ਅਤੇ ਬੇਪਰਤੀਤੇ ਨਾਲੋਂ ਭੀ ਬੁਰਾ ਹੈ'' (1 ਤਿਮੋਥਿਉਸ 5:8)। ਫੇਰ, ਉਸ ਨੇ ਆਖਿਆ ਕਿ ਬੱਚਿਆਂ ਅਤੇ ਦੋਹਤਿਆਂ–ਪੋਤਿਆਂ ਨੂੰ ''ਪਹਿਲਾਂ ਆਪਣੇ ਘਰਾਣੇ ਨਾਲ ਧਰਮ ਕਮਾਉਣਾ ਅਤੇ ਆਪਣੇ ਮਾਪਿਆਂ ਦਾ ਹੱਕ ਅਦਾ ਕਰਨਾ'' ਚਾਹੀਦਾ ਹੈ (1 ਤਿਮੋਥਿਉਸ 5:4)।

### ਰੂਹਾਨੀ ਪਰਿਵਾਰ

ਜੇ ਅਸੀਂ ਸਮਝ ਗਏ ਹੋਂ ਕਿ ਦੁਨਿਆਵੀ ਪਰਿਵਾਰ ਕਿੰਨਾ ਅਹਿਮ ਹੈ ਤਾਂ ਇਹ ਵਾਕ ਸਾਡੇ ਲਈ ਅਰਥ ਜੋੜ ਦਿੰਦਾ ਹੈ ਕਿ ਇਸ ਤੋਂ ਵੀ ਇਕ ਅਹਿਮ ਪਰਿਵਾਰ ਹੈ– ਰੂਹਾਨੀ ਪਰਿਵਾਰ ਭਾਵ ਖ਼ੁਦਾ ਦਾ ਪਰਿਵਾਰ। ਪੌਲੁਸ ਨੇ ਅਫ਼ਸੁਸ ਦੇ ਮਸੀਹੀ ਲੋਕਾਂ ਦੇ ਨਾਅ ਖ਼ਤ ਵਿਚ ਲਿਖਿਆ ਸੀ, ''ਸੋ ਹੁਣ ਤੋਂ ਤੁਸੀਂ ਓਪਰੇ ਤੇ ਪਰਦੇਸੀ ਨਹੀਂ ਸੰਤਾਂ ਦੇ ਵਤਨੀ ਅਤੇ *ਪਰਮੇਸ਼ੁਰ ਦੇ ਘਰਾਣੇ ਦੇ ਹੋ''* (ਅਫ਼ਸੀਆਂ 2:19)। ਘਰਾਣਾ ਸ਼ਬਦ ''ਪਰਿਵਾਰ'' ਕਹਿਣ ਦਾ ਹੀ ਦੂਜਾ ਢੰਗ ਹੈ। ਦ ਨਿਊ ਸੈਂਚੁਰੀ ਵਰਜ਼ਨ ਵਿਚ ਆਇਤ ਦਾ ਆਖ਼ਰੀ ਭਾਗ ''ਤੁਸੀਂ ਪਰਮੇਸ਼ੁਰ ਦੇ ਘਰਾਣੇ ਦੇ ਹੋ'' ਹੈ। ਗਲਾਤੀਆਂ 6:10 ਵਿਚ ਇਸ ਪਰਿਵਾਰ ਨੂੰ ''ਵਿਸ਼ਵਾਸੀ ਭਾਈ'' ਅਤੇ 1 ਪਤਰਸ 4:17 ਵਿਚ ''ਪਰਮੇਸ਼ੁਰ ਦਾ ਘਰ'' ਆਖਿਆ ਗਿਆ ਹੈ।[23]

ਇਹ ਰੂਹਾਨੀ ਪਰਿਵਾਰ ਕੀ ਹੈ? ਪੌਲੁਸ ਨੇ ਆਖਿਆ ਕਿ ਇਹ ਪਰਿਵਾਰ ਕਲੀਸੀਆ ਹੈ। ਉਸਨੇ ਤਿਮੋਥਿਉਸ ਨੂੰ ਆਖਿਆ ਕਿ ''ਮੈਂ ਇਹ ਗੱਲ ਤੈਨੂੰ ਇਸ ਲਈ ਲਿਖਦਾ ਹਾਂ ਕਿ ਤੂੰ ਜਾਣ ਲਏਂ, ਕਿ *ਪਰਮੇਸ਼ੁਰ ਦੇ ਘਰ,* ਜਿਹੜਾ *ਜੀਉਂਦੇ ਪਰਮੇਸ਼ੁਰ ਦੀ ਕਲੀਸੀਆ* ਹੈ, ਅਤੇ ਸਚਿਆਈ ਦਾ ਖੰਭਾ, ਅਤੇ ਨੀਂਹ ਹੈਃ ਕਿਸ ਪਰਕਾਰ ਵਰਤਣਾ ਚਾਹੀਦਾ ਹੈ'' (1 ਤਿਮੋਥਿਉਸ 3:15)।

ਇਸ ਪਰਿਵਾਰ ਵਿਚ, ਖ਼ੁਦਾ ਸਾਡਾ ਪਿਤਾ ਹੈ (ਮੱਤੀ 6:9; ਰੋਮੀਆਂ 1:7), ਅਤੇ ਅਸੀਂ ਉਸ ਦੇ ਬੱਚੇ ਹਾਂ (ਯੂਹੰਨਾ 1:12, 13; ਰੋਮੀਆਂ 8:14, 15; ਅਫ਼ਸੀਆਂ 5:1; ਫ਼ਿਲਿੱਪੀਆਂ 2:15; 1 ਯੂਹੰਨਾ 3:1, 2)। ਪੌਲੁਸ ਲਿਖਦਾ ਹੈ ਕਿ ''ਆਤਮਾ ਆਪ ਵੀ ... ਗਵਾਹੀ ਦਿੰਦਾ ਹੈ, ਕਿ ਅਸੀਂ ਪਰਮੇਸ਼ੁਰ ਦੀ ਸੰਤਾਨ ਤਾਂ, ਤਾਂ ਵਾਰਸ ਵੀ, ਸਗੋਂ ਪਰਮੇਸ਼ੁਰ ਦੇ ਵਾਰਸ ਅਤੇ ਮਸੀਹ ਦੇ ਸੰਗੀ ਵਾਰਸ ਹਾਂ'' (ਰੋਮੀਆਂ 8:16, 17)। ਰਸੂਲ ਪੌਲੁਸ ਨੇ ਖ਼ੁਦਾ ਦੇ ਸ਼ਬਦ ਦੁਹਰਾਏ ਸਨਃ ''ਅਤੇ ਮੈਂ

ਤੁਹਾਡਾ ਪਿਤਾ ਹੋਵਾਂਗਾ, ਅਤੇ ਤੁਸੀਂ ਮੇਰੇ ਧੀਆਂ ਤੇ ਪੁੱਤਰ ਹੋਵੋਗੇਃ ਇਹ ਸਰਵਸ਼ਕਤੀਮਾਨ ਪ੍ਰਭੂ ਦਾ ਵਚਨ ਹੈ'' (2 ਕੁਰਿੰਥੀਆਂ 6ः18)। ਇਸ ਰੂਹਾਨੀ ਪਰਿਵਾਰ ਵਿਚ, ਕਲੀਸੀਆ ਦੇ ਦੂਜੇ ਮੈਂਬਰ ਭੈਣ ਭਰਾ ਹਨ (ਰਸੂਲਾਂ ਦੇ ਕੰਮ 6ः3; ਰੋਮੀਆਂ 16ः1; 1 ਕੁਰਿੰਥੀਆਂ 7ः15; ਫਿਲੇਮੋਨ 1, 2; ਯਾਕੂਬ 2ः15)।[24]

ਅਸੀਂ ਇਸ ਪਰਿਵਾਰ ਦੇ ਮੈਂਬਰ ਕਿਵੇਂ ਬਣਦੇ ਹਾਂ? ਯਿਸੂ ਨੇ ਆਖਿਆ ਕਿ ਅਸੀਂ ਵਚਨ ਸੁਣ ਕੇ ਅਤੇ ਮੰਨ ਕੇ ਉਸ ਦੇ ਪਰਿਵਾਰ ਦੇ ਮੈਂਬਰ ਬਣ ਸਕਦੇ ਹਾਂ। ਯੂਹੰਨਾ ਨੇ ਲਿਖਿਆ ਹੈ ਕਿ ਅਸੀਂ ''ਨਵਾਂ ਜਨਮ'' ਲੈ ਕੇ ਉਸ ਦੇ ਪਰਿਵਾਰ ਦੇ ਮੈਂਬਰ ਬਣ ਸਕਦੇ ਹਾਂ (ਵੇਖੋ ਯੂਹੰਨਾ 1ः11–13; 3ः3, 5)। ਲੂਕਾ ਨੇ ਲਿਖਿਆ ਕਿ ਲੋਕ ਖ਼ੁਦਾ ਦੇ ਪਰਿਵਾਰ, ਭਾਵ ਕਲੀਸੀਆ ਵਿਚ ਮਸੀਹ ਵਿਚ ਵਿਸ਼ਵਾਸ ਕਰ ਕੇ, ਆਪਣੇ ਪਾਪਾਂ ਤੋਂ ਤੌਬਾ ਕਰਕੇ ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ (ਪਾਣੀ ਵਿਚ ਡੁਬਕੀ) ਲੈ ਕੇ ਸ਼ਾਮਲ ਹੁੰਦੇ ਹਾਂ (ਰਸੂਲਾਂ ਦੇ ਕੰਮ 2ः36–38, 41, 47;[25] ਵੇਖੋ 1 ਕੁਰਿੰਥੀਆਂ 12ः13)। ਇਸ ਦਾ ਭਾਵ ਇਹ ਨਹੀਂ ਕਿ ਖ਼ੁਦਾ ਦੇ ਪਰਿਵਾਰ ਦੇ ਲੋਕ ਬਣਨ ਦੇ ਤਿੰਨ ਤਰੀਕੇ ਹਨ; ਸਗੋਂ ਯਿਸੂ ਯੂਹੰਨਾ ਅਤੇ ਲੂਕਾ ਇੱਕੋ ਹੀ ਪ੍ਰਕਿਰਿਆ ਦੀ ਗੱਲ ਕਰ ਰਹੇ ਸਨ। ਉਹ ਪ੍ਰਕਿਰਿਆ ਕੀ ਹੈ?

ਅਸੀਂ ਵਚਨ ਨੂੰ ਸੁਣਦੇ ਹਾਂ, ਜਿਸ ਤੋਂ ਵਿਸ਼ਵਾਸ ਪੈਦਾ ਹੁੰਦਾ ਹੈ (ਰੋਮੀਆਂ 10ः17)। ਫਿਰ ਸਾਡੇ ਲਈ ਆਪਣੇ ਪਾਪਾਂ ਤੋਂ ਤੌਬਾ ਕਰ ਕੇ ਉਸ ਵਚਨ ਨੂੰ ''ਮੰਨਣਾ'' (ਲੂਕਾ 13ः3), ਯਿਸੂ ਵਿਚ ਆਪਣੇ ਈਮਾਨ ਦਾ ਇਕਰਾਰ ਕਰਨਾ (ਮੱਤੀ 10ः32), ਅਤੇ ਬਪਤਿਸਮਾ (ਪਾਣੀ ਵਿਚ ਡੁਬਕੀ) ਲੈਣਾ ਜ਼ਰੂਰੀ ਹੈ (ਮਰਕੁਸ 16ः16; ਰਸੂਲਾਂ ਦੇ ਕੰਮ 22ः16)। ਇਹ ਸਭ ਕਰਨ ਤੇ ਸਾਨੂੰ ਖ਼ੁਦਾ ਦੇ ਪਰਿਵਾਰ ਵਿਚ ''ਜਲ ਅਤੇ ਆਤਮਾ ਤੋਂ ਜਨਮ'' ਮਿਲ ਜਾਂਦਾ ਹੈ (ਯੂਹੰਨਾ 3ः5)। ਪਤਰਸ ਨੇ ਲਿਖਿਆ ਹੈ ਕਿ ''... ਤੁਸੀਂ ... ਸੱਚ ਦੇ ਅਧੀਨ ਹੋ ਕੇ ਪਵਿੱਤਰ ਕੀਤਾ ਹੈ .. ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ'' (1 ਪਤਰਸ 1ः22, 23)। ਇਸ ਤਰ੍ਹਾਂ ਅਸੀਂ ਖ਼ੁਦਾ ਦੇ ਪਰਿਵਾਰ ਦੇ ਲੋਕ ਬਣਦੇ ਹਾਂ।

ਮੈਂ ਦੁਨਿਆਵੀ ਪਰਿਵਾਰ ਲਈ ਖ਼ੁਦਾ ਦਾ ਸ਼ੁਕਰ ਕਰਦਾ ਹਾਂ। ਉਸਦੇ ਰੂਹਾਨੀ ਪਰਿਵਾਰ, ਭਾਵ ਕਲੀਸੀਆ ਲਈ ਮੈਂ ਖ਼ੁਦਾ ਦਾ ਹੋ ਵੀ ਸ਼ੁਕਰਗੁਜ਼ਾਰ ਹਾਂ। ਦੋਹਾਂ ਦੀ ਸੰਖੇਪ ਤੁਲਨਾ ਇਵੇਂ ਹੈਃ ਦੁਨਿਆਵੀ ਅਤੇ ਰੂਹਾਨੀ ਦੋਵੇਂ ਹੀ ਖ਼ੁਦਾ ਦੇ ਬਣਾਏ ਹੋਏ ਥਾਂ ਹਨ। ਪਹਿਲਾ ਲੌਕਿਕ ਹੈ, ਜਦਿਕ ਦੂਜਾ ਅਲੌਕਿਕ। ਪਹਿਲੇ ਵਿਚ ਜਿਸਮਾਨੀ ਜਨਮ ਲੈ ਕੇ ਆਉਂਦੇ ਹਾਂ ਜਦ ਕਿ ਦੂਜੇ ਵਿਚ ਰੂਹਾਨੀ ਜਨਮ ਲੈ ਕੇ। ਪਹਿਲਾ ਵੰਸ਼ ਵਧਾਉਣ ਲਈ ਹੈ ਜਦਕਿ ਦੂਜਾ ਨਵਾਂ ਜਨਮ ਦੇਣ ਲਈ (ਤੀਤੁਸ 3ः5)। ਪਹਿਲਾ ਸਮੇਂ ਲਈ ਹੈ (ਮੱਤੀ 22ः30), ਜਦਕਿ ਦੂਜਾ ਸਮੇਂ ਅਤੇ ਅਨਾਦੀਕਾਲ ਦੋਹਾਂ ਲਈ (ਇਬਰਾਨੀਆਂ 12ः23)। ਪਹਿਲਾ ਜ਼ਰੂਰੀ ਹੈ; ਦੂਜਾ ਲਾਜ਼ਮੀ ਹੈ।[26] ਪਹਿਲਾ ਚੰਗਾ ਹੈ; ਦੂਜਾ ਉੱਤਮ ਹੈ। ਮੈਨੂੰ ਇਸ ਵਿਚ ਇਹ ਵੀ ਜੋੜਨਾ ਚਾਹੀਦਾ ਹੈ ਕਿ ਦੋਹਾਂ ਵਿਚ ਦਾਖਲਾ ਤਕਲੀਫ਼ ਨਾਲ ਹੀ ਹੈ; ਪਹਿਲੇ ਵਿਚ, ਸਾਡੀਆਂ ਮਾਵਾਂ ਦੁੱਖ ਝੱਲਦੀਆਂ ਹਨ; ਜਦ ਕਿ ਦੂਜੇ ਵਿਚ ਸਾਡੇ ਪਾਪਾਂ ਲਈ ਸਲੀਬ ਉੱਤੇ ਯਿਸੂ ਦੁੱਖ ਝੱਲਦਾ ਹੈ! (ਵੇਖੋ ਰਸੂਲਾਂ ਦੇ ਕੰਮ 20ः28; ਅਫ਼ਸੀਆਂ 5ः23, 25)।

ਵਿਲੀਅਮ ਬਾਰਕਲੇ ਨੇ ਲਿਖਿਆ ਹੈ ਕਿ ਅਸਲੀ ਰਿਸ਼ਤੇਦਾਰੀ ਵਿਚ ਸਾਂਝਾ ਅਨੁਭਵ, ਸਾਂਝੀ ਦਿਲਚਸਪੀ, ਸਾਂਝਾ ਹੁਕਮ ਮੰਨਣਾ, ਅਤੇ ਸਾਂਝਾ ਟੀਚਾ ਹੋਣਾ ਜ਼ਰੂਰੀ ਹੈ।[27] ਇਹ ਸਭ ਗੱਲਾਂ ਖ਼ੁਦਾ ਦੇ ਪਿਆਰ ਤੇ ਕਲੀਸੀਆ ਵਿਚ ਹੀ ਮਿਲਦੀਆਂ ਹਨ। ਪਤਾ ਨਹੀਂ ਕਿ ਕਿੰਨੀ ਵਾਰ ਮੈਂ ਕਲੀਸੀਆ ਦੇ ਮੈਂਬਰਾਂ ਤੋਂ ਸੁਣਿਆ ਹੈ ਕਿ ਉਸ ਨੂੰ ਆਪਣੇ ਦੁਨਿਆਵੀ ਭਰਾਵਾਂ ਅਤੇ ਭੈਣਾਂ ਦਾ ਸਾਥ ਵਧੇਰੇ ਚੰਗਾ ਨਹੀਂ ਲਗਦਾ ਹੈ।

ਖ਼ੁਦਾ ਦੇ ਪਰਿਵਾਰ ਵਿਚ ਹੋਣ ਦੀ ਬਰਕਤ ਨੂੰ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ ਹਾਂ।

ਕਿਸੇ ਦੇਸ਼ ਦੇ ਸ਼ਾਹੀ ਪਰਿਵਾਰ ਦੇ ਮੈਂਬਰ ਹੋਣ ਲਈ ਇੱਜਤ ਦੀ ਗੱਲ ਹੋਵੇਗੀ। ਅਰਬ ਪਤੀ ਪਿਤਾ ਹੋਣ ਦੇ ਕਿੰਨੇ ਫ਼ਾਇਦੇ ਹਨ, ਪਰ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਖ਼ੁਦਾ ਦੇ ਪਰਿਵਾਰ ਦਾ ਮੈਂਬਰ ਹੋਣ ਨਾਲ ਨਹੀਂ ਮਿਲਾਇਆ ਜਾ ਸਕਦਾ, ਜਿਸ ਵਿਚ ਖ਼ੁਦਾ ਸਾਡਾ ਪਿਤਾ ਹੈ। ਮਰਹੂਮ ਸੀ. ਆਰ. ਨਿਕੋਲਸ ਨੂੰ ਇਕ ਵਾਰ ਕਿਸੇ ਨੇ ਆਖਿਆ ਕਿ ਉਹ ਇਵੇਂ ਚੱਲਦੇ ਹਨ ''ਜਿਵੇਂ ਦੁਨੀਆ ਉਨ੍ਹਾਂ ਦੀ'' ਹੋਵੇ। ਇਸ ਸਨਮਾਨਤ ਬਜ਼ੁਰਗ ਪ੍ਰਚਾਰਕ ਨੇ ਜਵਾਬ ਦਿੱਤਾ, ''ਹਾਂ ਮੇਰੇ ਬਾਪ ਦੀ ਹੀ ਹੈ!''

ਰੂਹਾਨੀ ਪਰਿਵਾਰ ਦਾ ਐਨਾ ਮਹੱਤਵ ਹੋਣ ਕਰਕੇ, ਯਿਸੂ ਨੇ ਦੱਸਿਆ ਕਿ ਇਸ ਪਰਿਵਾਰ ਲਈ ਸਾਡਾ ਸਨਮਾਨ ਕਿਸੇ ਵੀ ਹੋਰ ਸਨਮਾਨ ਨਾਲੋਂ ਵੱਧ ਹੋਣਾ ਚਾਹੀਦਾ ਹੈ।[28] ਲੂਕਾ 14:26 ਵਿਚ ਉਸ ਨੇ ਇਹ ਹੈਰਾਨ ਕਰ ਦੇਣ ਵਾਲੇ ਸ਼ਬਦ ਕਹੇ, ''ਜੇ ਕੋਈ ਮੇਰੇ ਕੋਲ ਆਏ, ਆਪਣੇ ਪਿਤਾ ਅਤੇ ਮਾਤਾ ਅਤੇ ਪਤਨੀ ਅਤੇ ਲੜਕੇ ਬਾਲ ਅਤੇ ਭਰਾਵਾਂ ਅਤੇ ਭੈਣਾਂ ਸਗੋਂ ਅਤੇ ਆਪਣੀ ਜਾਨ ਦਾ ਵੀ ਇਨਕਾਰ ਨਾ ਕਰੇ ਉਹ ਮੇਰਾ ਚੇਲਾ ਨਹੀਂ ਹੋ ਸਕਦਾ ਹੈ।'' ਗੋਰਡਨ ਪਾਵਲ ਨੇ ਰੇਡੀਓ ਦੇ ਆਪਣੇ ਸਰੋਤਿਆਂ ਨੂੰ ''ਯਿਸੂ ਦੀਆਂ ਔਖੀਆਂ ਗੱਲਾਂ'' ਤੇ ਸਰਮਨ ਦੀ ਸੂਚੀ ਲਈ ਵਿਸ਼ਾ ਦੇਣ ਨੂੰ ਆਖਿਆ। ਉਸ ਨੂੰ ਸਭ ਤੋਂ ਵੱਧ ਪੱਤਰ ਲੂਕਾ 14:26 ਤੇ ਪ੍ਰਚਾਰ ਕਰਨ ਲਈ ਮਿਲੇ ਸਨ।[29]

ਤੁਸੀਂ ਸਮਝ ਗਏ ਹੋਵੋਗੇ ਕਿ ਲੂਕਾ 14:26 ਵਿਚ ''ਇਨਕਾਰ'' ਸ਼ਬਦ ਦਾ ਅਰਥ ਉਹ ਨਹੀਂ ਹੈ, ਜਿਸ ਨੂੰ ਅਕਸਰ ਅਸੀਂ ''ਨਫ਼ਰਤ'' ਆਖਦੇ ਹਾਂ। ਸਗੋਂ ਯਿਸੂ ਆਪਣਾ ਹੀ ਵਿਰੋਧ ਕਰਨ ਵਾਲਾ ਠਹਿਰਦਾ। ਪਹਾੜੀ ਉਪਦੇਸ਼ ਵਿਚ ਉਸ ਨੇ ਆਪਣੇ ਦੁਸ਼ਮਣਾਂ ਨੂੰ ਪ੍ਰੇਮ ਕਰਨ ਦੀ ਸਿੱਖਿਆ ਦਿੱਤੀ (ਮੱਤੀ 5:44)। ਯਕੀਨਨ ਹੀ ਉਹ ਸਾਨੂੰ ਆਪਣੇ ਦੁਸ਼ਮਣਾ ਨੂੰ ਪ੍ਰੇਮ ਕਰਨ ਅਤੇ ਆਪਣੇ ਘਰ ਦੇ ਲੋਕਾਂ ਨੂੰ ਨਫ਼ਰਤ ਕਰਨ ਨੂੰ ਨਹੀਂ ਕਹੇਗਾ।

ਇਹ ਪਤਾ ਚੱਲਣ ਤੇ ਕਿ ਬਾਇਬੀਲ ਵਿਚ ਵਰਤੇ ''ਇਨਕਾਰ'' ਸ਼ਬਦ ਦਾ ਅਰਥ ਕਈ ਵਾਰ ''ਘੱਟ ਪ੍ਰੇਮ ਕਰਨਾ'' ਹੈ, ਸਾਫ਼ ਫ਼ਰਕ ਗਾਇਬ ਹੋ ਜਾਂਦਾ ਹੈ (ਵੇਖੋ ਵਿਵਸਥਾਸਾਰ 21:15)। ਮੱਤੀ 10:37 ਵਿਚ ਦੋਹਾਂ ਵਿਚ ਅਜਿਹੇ ਹੀ ਇਕ ਵਾਕ ਨਾਲ ਤੁਲਨਾ ਕਰਨ ਤੇ ਅਸੀਂ ਪਾਉਂਦੇ ਹਾਂ ਕਿ ਲੂਕਾ 14:26 ਵਿਚ ''ਇਨਕਾਰ'' ਦਾ ਅਰਥ ਇਹੀ ਹੈ: ਜਿਹੜਾ ਮਾਂ ਜਾਂ ਪਿਓ ਨੂੰ ਮੈਥੋਂ ਵੱਧ ਚਾਹੁੰਦਾ ਹੈ ਉਹ ਮੇਰੇ ਯੋਗ ਨਹੀਂ ਅਤੇ ਜਿਹੜਾ ਧੀ ਜਾਂ ਪੁੱਤਰ ਮੈਥੋਂ ਵੱਧ ਪਿਆਰ ਕਰਦਾ ਹੈ, ਉਹ ਮੇਰੇ ਯੋਗ ਨਹੀਂ ਹੈ।'' ਇਵੇਂ ਲੂਕਾ 14:26 ਵਿਚ ਮਸੀਹ ਕਹਿ ਰਿਹਾ ਸੀ ਕਿ ਅਸੀਂ ਆਪਣੇ ਦੁਨਿਆਵੀ ਪਰਿਵਾਰਾਂ ਨੂੰ ਉਸ ਤੋਂ ਅਤੇ ਖ਼ੁਦਾ *ਨਾਲੋਂ ਘੱਟ* ਪਿਆਰ ਕਰਨ।

ਪਰ ਸਾਨੂੰ ਹੁਸ਼ਿਆਰ ਰਹਿਣਾ ਚਾਹੀਦਾ ਹੈ ਕਿ ਕਿਤੇ ਅਸੀਂ ਲੂਕਾ 14 ਦੇ ਸ਼ਬਦਾਂ ਨੂੰ ਐਨਾ ਨਾ ਢਿੱਲ ਦਈਏ ਕਿ ਉਨ੍ਹਾਂ ਦਾ ਪ੍ਰਭਾਵ ਹੀ ਜਾਂਦਾ ਰਹੇ। ਖ਼ੁਦਾ ਅਤੇ ਆਪਣੇ ਪਰਿਵਾਰ ਲਈ ਸਾਡਾ ਪ੍ਰੇਮ ਇੰਨਾ ਵੱਧ ਹੋਣਾ ਚਾਹੀਦਾ ਹੈ ਕਿ *ਤੁਲਨਾ ਕਰਨ* ਤੇ ਆਪਣੇ ਦੁਨਿਆਵੀ ਪਰਿਵਾਰਾਂ ਲਈ ਸਾਡਾ ਪਿਆਰ *ਨਾਪਸੰਦ* ਮੰਨਿਆ ਜਾਵੇਗਾ।[30]

ਫਿਰ, ਮੈਂ ਜ਼ੋਰ ਦਿੰਦਾ ਹਾਂ ਕਿ ਇਸ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਆਪਣੇ ਦੁਨਿਆਵੀ ਪਰਿਵਾਰਾਂ ਨੂੰ ਭੁੱਲ ਜਾਈਏ। ਕਲੀਸੀਆ/ਰਾਜ ਨੂੰ ਪਹਿਲ ਦੇਣ ਵਾਲੇ (ਮੱਤੀ 6:33) ਪਾਉਂਦੇ ਹਨ ਕਿ ਇਸ ਨਾਲ ਉਨ੍ਹਾਂ ਦੇ ਪਰਿਵਾਰਾਂ ਦੇ ਸਬੰਧ ਮਜ਼ਬੂਤ ਹੋਣ ਹਨ (ਵੇਖੋ ਅਫ਼ਸੀਆਂ 5:25, 28, 33; 6:1–4)।[31] ਵਿਲੀਅਮ ਹੈਂਡਰਿਕਸਨ ਨੇ ਆਖਿਆ ਹੈ ਕਿ ''ਇਸ ਨੇਮ ਨੂੰ ਮੰਨ ਕੇ *[ਆਪਣੇ ਰੂਹਾਨੀ ਪਰਿਵਾਰ ਨੂੰ ਪਹਿਲ ਦੇ ਕੇ]* ... ਅਸੀਂ ਆਪਣੇ ਦੁਨਿਆਵੀ ਪਰਿਵਾਰ ਦੀ ਸਭ ਤੋਂ ਚੰਗੀ ਸੇਵਾ ਕਰ ਸਕਦੇ ਹਾਂ।''[32]

## ਤੁਹਾਡੇ ਦੋ ਪਰਿਵਾਰ

ਅਸੀਂ ਯਿਸੂ ਦੇ ਦੋ ਪਰਿਵਾਰਾਂ ਅਤੇ ਮਸੀਹੀ ਵਿਅਕਤੀ ਦੇ ਦੋ ਪਰਿਵਾਰਾਂ ਦੀ ਗੱਲ ਕੀਤੀ ਹੈ।

ਹੁਣ ਇਨ੍ਹਾਂ ਪਰਿਵਾਰਾਂ ਨੂੰ ਨੇੜਿਉਂ ਵੇਖਦੇ ਹਾਂ।

**ਦੋਹਾਂ ਵਿਚ ਮੇਲ ਮਿਲਾਪ**

ਆਪਣੇ ਦੋਹਾਂ ਪਰਿਵਾਰਾਂ ਦੇ ਇਕ ਹੋ ਜਾਣ ਤੇ ਤੁਹਾਨੂੰ ''ਦੋਹਾਂ ਸੰਸਾਰਾਂ ਦੀਆਂ ਉੱਤਮ'' ਚੀਜ਼ਾਂ ਮਿਲ ਜਾਂਦੀਆਂ ਹਨ।

ਇਕ ਪਲ ਲਈ, ਆਓ ਇਸ ਕਹਾਣੀ ਵਿਚ ਵਾਪਸ ਜਾਂਦੇ ਹਾਂ, ਜਿਹੜੀ ਅਸੀਂ ਸ਼ੁਰੂ ਕੀਤੀ ਸੀ। ਆਮ ਵਾਂਗ, ਘਟਨਾ ਨੂੰ ਲਿਖਣ ਦੇ ਬਾਅਦ ਲੇਖਕਾਂ ਦੀ ਇਸੇ ਸੂਚੀ ਵਿਚ ਦੱਸਣ ਦੀ ਕੋਈ ਰੁਚੀ ਨਹੀਂ ਹੋਵੀ। ਯਿਸੂ ਦੀ ਡਾਂਟ ਦੇ ਬਾਅਦ ਕੀ ਯਿਸੂ ਆਪਣੇ ਪਰਿਵਾਰ ਨੂੰ ਮਿਲਿਆ? ਇਸ ਬਾਰੇ ਕੋਈ ਖ਼ਬਰ ਨਹੀਂ ਹੈ। ਅਸੀਂ ਇਕ ਗੱਲ ਜਾਣ ਸਕਦੇ ਹਾਂ ਕਿ ਯਿਸੂ ਨੇ ਉਨ੍ਹਾਂ ਜਾਂ ਕਿਸੇ ਹੋਰ ਨੂੰ ਆਪਣੇ ਉਦੇਸ਼ਾਂ ਵਿਚ ਰੁਕਾਵਟ ਨਹੀਂ ਬਣਨ ਦਿੱਤਾ। ਕੋਈ ਇਸ ਨੂੰ ਜ਼ਬਰਦਸਤੀ ਘਰ ਲਿਆ ਕੇ ਅਰਾਮ ਨਹੀਂ ਕਰਵਾ ਸਕਦਾ ਹੈ।[33] ਅਸੀਂ ਵੀ ਤਰਕਸੰਗਤ ਰੂਪ ਵਿਚ ਯਕੀਨੀ ਬਣਾ ਸਕਦੇ ਹਾਂ ਕਿ ਯਿਸੂ ਨੂੰ ਕੰਮ ਤੋਂ ਫ਼ੁਰਸਤ ਮਿਲਣ ਤੇ ਆਪਣੇ ਪਰਿਵਾਰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। ਉਸ ਦੀ ਮਾਂ ਅਤੇ ਉਸ ਦੇ ਭਰਾ ਉਸ ਦੀ ਜ਼ਿੰਦਗੀ ਦੇ ਵਿਰਤਾਂਤ ਵਿਚ ਵਿਖਾਈ ਦੇਣਗੇ, ਅਤੇ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਮਸੀਹ ਨੇ ਉਨ੍ਹਾਂ ਨਾਲ ਸਬੰਧ ਤੋੜ ਲਿਆ ਹੋਵੇ (ਯੂਹੰਨਾ 7:2–10; 19:25–27)।

ਪਰ ਆਪਣੇ ਪਰਿਵਾਰ ਨਾਲ ਯਿਸੂ ਦੇ ਸਬੰਧਾਂ ਵਿਚ ਵਾਪਸ ਆਉਣ ਦਾ ਮੇਰਾ ਮਕਸਦ ਇਹ ਜ਼ੋਰ ਦੇਣਾ ਹੈ ਕਿ ਅਖ਼ੀਰ ਵਿਚ ਇਸ ਕਹਾਣੀ ਦਾ ਸੁਖਦ ਅੰਤ ਹੁੰਦਾ। ਅਖ਼ੀਰ ਵਿਚ, ਉਸ ਦੇ ਭਰਾ ਉਸ ਤੇ ਯਕੀਨ ਕਰਨ ਲਗ ਪਏ। ਜੀ ਉੱਠਣ ਦੇ ਬਾਅਦ ਦੇ ਆਪਣੇ ਦਰਸ਼ਨਾਂ ਵਿਚ ਆਪਣੇ ਮਤਰਏ ਭਰਾ ਯਾਕੂਬ ਨੂੰ ਦਰਸ਼ਨ ਦਿੱਤੇ (1 ਕੁਰਿੰਥੀਆਂ 15:7), ਉਸ ਦੀ ਮਾਤਾ ਤੇ ਉਸ ਦੇ ਭਰਾ ਪਵਿੱਤਰ ਆਤਮਾ ਦੇ ਆਉਣ ਦੀ ਉਡੀਕ ਕਰ ਰਹੇ ਰਸੂਲਾਂ ਦੇ ਨਾਲ ਯਰੂਸ਼ਲਮ ਵਿਚ ਸਨ (ਰਸੂਲਾਂ ਦੇ ਕੰਮ 1:14)। ਯਾਕੂਬ ਯਰੂਸ਼ਲਮ ਦੀ ਕਲੀਸੀਆ ਦਾ ਇਕ ਰਹਿਨੁਮਾ ਬਣ ਗਿਆ (ਰਸੂਲਾਂ ਦੇ ਕੰਮ 12:17; 15:13; 21:18; ਗਲਾਤੀਆਂ 1:19) ਅਤੇ ਉਸ ਨੇ ਯਾਕੂਬ ਦੀ ਪੱਤਰੀ ਲਿਖੀ (ਯਹੂਦਾ 1:1) ਕਲੀਸੀਆ ਦੇ ਇਤਿਹਾਸਕਾਰ ਯੂਸਬਯੂਸ ਦਾ ਕਹਿਣਾ ਹੈ ਕਿ ਦੂਜੇ ਭਾਈ ਵੀ ਵੱਖ ਵੱਖ ਮੰਡਲੀਆਂ ਵਿਚ ਆਗੂਆਂ ਦੇ ਰੂਪ ਵਿਚ ਸੇਵਾ ਕਰਦੇ ਸਨ (ਵੇਖੋ 1 ਕੁਰਿੰਥੀਆਂ 9:5)।

ਦੂਜੇ ਸ਼ਬਦਾਂ ਵਿਚ, ਯਿਸੂ ਦਾ ਦੁਨਿਆਵੀ ਪਰਿਵਾਰ ਅਖ਼ੀਰ ਵਿਚ ਉਸਦੇ ਰੂਹਾਨੀ ਪਰਿਵਾਰ ਦਾ ਹਿੱਸਾ ਬਣ ਗਿਆ! ਮੈਂ ਖ਼ੁਦਾ ਦਾ ਸ਼ੁਕਰ ਕਰਦਾ ਹਾਂ ਕਿ ਮੇਰੇ ਮਾਤਾ ਪਿਤਾ ਮਸੀਹੀ ਹਨ; ਮੇਰੀ ਪਤਨੀ ਮਸੀਹੀ ਹੈ; ਮੇਰੀਆਂ ਤਿੰਨੇ ਬੇਟੀਆਂ ਅਤੇ ਦੋ ਜਵਾਈ ਮਸੀਹੀ ਹਨ; ਮੇਰੇ ਵੱਡੇ ਦੋਹਤੇ ਸੇਥ ਡੇਵਿਡ ਨੇ ਹਾਲ ਵਿਚ ਹੀ ਬਪਤਿਸਮਾ ਲਿਆ ਹੈ! ਆਪਣੇ ਅਜ਼ੀਜ਼ਾਂ ਨਾਲ ਖ਼ੁਦਾ ਦੇ ਤਖ਼ਤ ਦੇ ਕੋਲ ਉਸ ਦੀ ਤਾਰੀਫ਼ ਕਰਨ ਲਈ ਹੱਥ ਵਿਚ ਹੱਥ ਪਾਉਣ ਤੋਂ ਵੱਧ ਮੇਰੀ ਕੋਈ ਦਿਲਚਸਪੀ ਨਹੀਂ ਹੈ![34]

ਤੁਹਾਡੇ ਲਈ ਮੇਰੀ ਦੁਆ ਹੈ ਕਿ ਤੁਹਾਨੂੰ ਵੀ ਅਜਿਹਾ ਅਨੰਦ ਮਿਲੇ।

**ਦੋਹਾਂ ਵਿਚ ਝਗੜਾ**

ਦੁੱਖ ਦੀ ਗੱਲ ਹੈ ਕਿ ਹੋ ਸਕਦਾ ਹੈ ਕਿ ਦੋਹਾਂ ਪਰਿਵਾਰਾਂ ਵਿਚ ਮੇਲ ਨਾ ਹੋਵੇ। ਕਈ ਵਾਰ ਗੰਭੀਰ ਝਗੜੇ ਹੋ ਜਾਂਦੇ ਹਨ। ਇਸ ਬਾਰੇ ਵਿਚ ਯਿਸੂ ਨੇ ਪਹਿਲਾਂ ਹੀ ਚੌਕਸ ਕੀਤਾ ਸੀ। ਉਸ ਨੇ ਆਖਿਆ:

> ਇਹ ਨਾ ਸਮਝੋ ਭਈ ਮੈਂ ਧਰਤੀ ਉੱਤੇ ਮੇਲ ਕਰਾਉਣ ਆਇਆ। ਮੇਲ ਕਰਾਉਣ ਨਹੀਂ ਸਗੋਂ ਤਲਵਾਰ ਚਲਾਉਣ ਆਇਆ ਹਾਂ। ਕਿਉਂ ਜੋ ਮੈਂ ਮਨੁੱਖ ਨੂੰ ਉਹ ਦੇ ਪਿਓ ਤੋਂ ਅਤੇ ਧੀ ਨੂੰ ਉਹ ਦੀ ਮਾਂ ਤੋਂ ਅਤੇ ਨੂੰਹ ਨੂੰ ਉਹ ਦੀ ਸੱਸ ਤੋਂ ਅੱਡ ਕਰਨ ਆਇਆ ਹਾਂ। ਅਰ ਮਨੁੱਖ ਦੇ ਵੈਰੀ ਉਹ ਦੇ ਘਰ ਦੇ ਹੀ ਹੋਣਗੇ (ਮੱਤੀ 10:34–36)।

ਉਸ ਨੇ ਆਪਣੇ ਚੇਲਿਆਂ ਨੂੰ ਆਖਿਆ ਸੀ ''ਅਤੇ ਮਾਂ ਪਿਓ ਅਰ ਭਾਈ ਅਰ ਸਾਕ ਅਰ ਮਿੱਤਰ ਵੀ ਤੁਹਾਨੂੰ ਫੜਵਾਉਣਗੇ ਅਤੇ ਤੁਹਾਡੇ ਵਿੱਚੋਂ ਕਿੰਨਿਆਂ ਨੂੰ ਮਰਵਾ ਦੇਣਗੇ'' (ਲੂਕਾ 21:16)। ਇਨ੍ਹਾਂ ਦੋ ਆਇਤਾਂ ਦਾ ਫ਼ਰਕ ਇਹ ਕਦੀ ਵੀ ਨਹੀਂ ਕਿ ਮਸੀਹ ਚਾਹੁੰਦਾ ਸੀ ਕਿ ਪਰਿਵਾਰਾਂ ਵਿਚ ਝਗੜਾ ਹੋਵੇ। ਸਗੋਂ, ਉਹ ਜਾਣਦਾ ਸੀ ਕਿ ਇੰਜੀਲ ਦਾ ਸੁਭਾਅ ਹੀ ਅਜਿਹਾ ਹੈ ਕਿ ਇਸ ਨੂੰ ਸਮਰਪਿਤ ਹੋਣ ਵਾਲਿਆਂ ਨੂੰ ਦੁਨਿਆਵੀ ਸੋਚ ਵਾਲੇ ਲੋਕ ਸਮਝ ਨਹੀਂ ਪਾਉਣਗੇ, ਇਸ ਕਰਕੇ ਕਦੇ ਕਦੇ ਝਗੜਾ ਹੋ ਜਾਏਗਾ।

ਤੁਹਾਡੇ ਵਿੱਚੋਂ ਕੁਝ ਲੋਕ ਸਮਝ ਰਹੇ ਹੋਣਗੇ ਕਿ ਮੈਂ ਕੀ ਕਰ ਰਿਹਾ ਹਾਂ। ਖ਼ੁਦਾ ਦੇ ਕੰਮ ਨੂੰ ਆਪਣੀਆਂ ਨਿੱਜੀ ਲੋੜਾਂ ਤੋਂ ਪਹਿਲ ਦੇਣ ਕਰਕੇ ਯਿਸੂ ਦੇ ਦੋਸਤਾਂ ਅਤੇ ਪਰਿਵਾਰ ਨੂੰ ਲਗਦਾ ਸੀ ਕਿ ਉਹ ਆਪੇ ਵਿਚ ਨਹੀਂ ਹੈ। ਹੋ ਸਕਦਾ ਹੈ ਕਿ ਜੋ ਸਹੀ ਹੈ, ਉਸ ਨੂੰ ਕਰਨ ਦਾ ਫ਼ੈਸਲਾ ਲੈਣ ਕਰਕੇ ਲੋਕ ਤੁਹਾਨੂੰ ''ਪਾਗਲ'' ਕਹਿਣ ਲੱਗ ਪੈਣ। ਜੇ ਅਜਿਹਾ ਚੰਗਾ ਹੈ ਤਾਂ ਇਹ ਹੈ, ਜਾਂ ਨਹੀਂ?

ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਤੁਸੀਂ ਆਪਣੇ ਪਰਿਵਾਰ ਜਾਂ ਆਪਣੇ ਮਿੱਤਰਾਂ ਵਿਚ ਹਲਚਲ ਮਚਾਓ। ਪੌਲੁਸ ਨੇ ਲਿਖਿਆ ਹੈ ਕਿ ''ਜਿੱਥੋਂ ਤਕ ਹੋ ਸਕੇ ਆਪਣੀ ਵਾਹ ਲਗਦਿਆਂ ਸਾਰੇ ਮਨੁੱਖਾਂ ਨਾਲ ਮੇਲ ਰੱਖੋ'' (ਰੋਮੀਆਂ 12:18)।[35] ਮੈਂ ਕਹਿ ਰਿਹਾ ਹਾਂ ਕਿ ਜੇ ਦੂਜੇ ਲੋਕਾਂ ਨਾਲ ਮਿਲਣ ਤੇ ਤੁਹਾਡੀਆਂ ਭਾਈਚਾਰਕ ਕੋਸ਼ਿਸ਼ਾਂ ਦੇ ਬਾਵਜੂਦ ਤੁਹਾਡਾ ਪਰਿਵਾਰ ਤੁਹਾਨੂੰ ਛੱਡ ਦਿੰਦਾ ਹੈ, ਤਾਂ ਵੀ ਇਹ ਜਾਣ ਕੇ ਅਨੰਦ ਕਰੋ ਕਿ ਪ੍ਰਭੂ ਤੁਹਾਨੂੰ ਨਹੀਂ ਛੱਡੇਗਾ (ਇਬਰਾਨੀਆਂ 13:5)। ਉਸਦੇ ਵਾਅਦੇ ਤੇ ਧਿਆਨ ਦਿਓ:

> ਯਿਸੂ ਨੇ ਆਖਿਆ, ਮੈਂ ਤੁਹਾਨੂੰ ਸਤ ਆਖਦਾ ਹਾਂ, ਅਜੇਹਾ ਕੋਈ ਨਹੀਂ ਜਿਹ ਨੇ ਘਰ ਯਾ ਭਾਈ ਯਾ ਭੈਣਾਂ ਯਾ ਮਾਂ ਯਾ ਪਿਉ ਯਾ ਬਾਲ ਬੱਚਿਆਂ ਯਾ ਜ਼ਮੀਨਾਂ ਨੂੰ ਮੇਰੇ ਅਤੇ ਇੰਜੀਲ ਦੇ ਲਈ ਛੱਡਿਆ ਹੋਵੇ। ਜਿਹੜਾ ਹੁਣ ਇਸ ਸਮੇਂ ਵਿਚ ਸੌ ਗੁਣਾ ਨਾ ਪਾਵੇ, ਘਰ ਅਤੇ ਭਾਈ ਅਤੇ ਭੈਣਾਂ ਅਤੇ ਮਾਵਾਂ ਅਤੇ ਕਾਲ ਬੱਚੇ ਅਤੇ ਜ਼ਮੀਨਾਂ ਪਰ ਦੁਖਾਂ ਨਾਲ ਅਤੇ ਅਗਲੇ ਜੁਗ ਵਿਚ ਸਦੀਪਕ ਜੀਉਣ (ਮਰਕੁਸ 10:29, 30)।

## ਸਾਰ

ਮੇਰੀ ਦੁਆ ਹੈ ਕਿ ਤੁਹਾਡੇ ਦੋਹਾਂ ਪਰਿਵਾਰਾਂ ਵਿਚ ਚੰਗਾ ਮੇਲ ਮਿਲਾਪ ਹੋਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਆਪਣੇ ਉਨ੍ਹਾਂ ਅਜ਼ੀਜ਼ਾਂ ਨੂੰ ਖ਼ੁਦਾ ਦੇ ਪਰਿਵਾਰ ਭਾਵ ਕਲੀਸੀਆ ਵਿਚ ਲਿਆਉਣ ਲਈ ਆਪਣੀ ਪੂਰੀ ਵਾਹ ਲਾ ਦਿਓ। ਇਸ ਉਦੇਸ਼ ਦੀ ਪੂਰਤੀ ਲਈ ਕੋਈ ਵੀ ਕੋਸ਼ਿਸ਼ ਮੁਸ਼ਕਿਲ ਨਹੀਂ ਹੈ।

ਜੇ ਤੁਸੀਂ ਇਸ ਵਿਚ ਕਾਮਯਾਬ ਨਹੀਂ ਹੁੰਦੇ, ਤਾਂ ਵੀ ਪਹਿਲਾਂ ਤੁਹਾਨੂੰ ਆਪ ਖ਼ੁਦਾ ਦੇ ਘਰ ਦੇ ਵਫ਼ਾਦਾਰ ਲੋਕ ਬਣਨਾ ਜ਼ਰੂਰੀ ਹੈ। ਤੁਸੀਂ ''ਚੇਲੇ'' ਤੋਂ ''ਪਰਿਵਾਰ'' ਦੇ ਲੋਕ ਬਣ ਗਏ ਹੋ? ਕੀ ਤੁਸੀਂ ਵਿਸ਼ਵਾਸ ਨਾਲ ਬਪਤਿਸਮਾ ਲੈ ਕੇ ''ਨਵਾਂ ਜਨਮ'' ਪਾ ਲਿਆ ਹੈ? ਜਿਸ ਕਹਾਣੀ ਦਾ ਅਸੀਂ ਅਧਿਐਨ ਕੀਤਾ ਹੈ, ਉਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਯਿਸੂ ਚਾਹੁੰਦਾ ਹੈ ਕਿ ਅਸੀਂ ਉਸ ਦੇ ਨਾਲ ਆਪਣੇ ਸਬੰਧਾਂ ਨੂੰ ਬੜੀ ਡੂੰਘਿਆਈ ਨਾਲ ਲਈਏ। ਜੇ ਅਸੀਂ ਕਿਸੇ ਤਰ੍ਹਾਂ ਤੁਹਾਡੀ ਮਦਦ ਕਰ ਸਕਦੇ ਹਾਂ ਤਾਂ ਜ਼ਰੂਰ ਕਹੋ।

---

ਟਿੱਪਣੀਆਂ

[1]ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਇਕ ਮਸਰੂਫ਼ ਦਿਨ'' ਪਾਠ ਦੀ ਜਾਣ ਪਛਾਣ ਵੇਖੋ। [2]ਮਰੀਅਮ ਅਤੇ ਯੂਸੁਫ਼ ਤੇ ਚਰਚਾ *ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ਮਿਲਦੀ ਹੈ। [3]*ਮਸੀਹ ਦੀ ਜ਼ਿੰਦਗੀ,*

*1* ਵਿਚ ''ਸਾਡੇ ਲਈ ਤਾਂ ਇਕ ਬਾਲਕ ਜੰਮਿਆ'' ਪਾਠ ਵੇਖੋ। [4]ਯੂਹੰਨਾ 7 ਦੀਆਂ 3 ਅਤੇ 4 ਆਇਤਾਂ ਨੂੰ ਆਇਤ 5 ਦੀ ਰੌਸ਼ਨੀ ਵਿਚ ਵੇਖਿਆ ਜਾਣਾ ਚਾਹੀਦਾ ਹੈ। [5]ਮਸੀਹ ਦੇ ਵੈਰੀਆਂ ਨੇ ਇਕ ਮੌਕੇ ਅਜਿਹਾ ਹੀ ਇਲਜ਼ਾਮ ਲਾਇਆ ਸੀ (ਯੂਹੰਨਾ 10:20)। ਇਸ ਤਰ੍ਹਾਂ ਬੁਰਿਆਈ ਨੂੰ ਝੱਲਣ ਵਾਲਾ ਮਸੀਹ ਖ਼ੁਦਾ ਦਾ ਨਾ ਤਾਂ ਪਹਿਲਾ ਅਤੇ ਨਾ ਆਖ਼ਰੀ ਸੇਵਕ ਸੀ (ਵੇਖੋ 2 ਰਾਜਿਆਂ 9:11; ਰਸੂਲਾਂ ਦੇ ਕੰਮ 26:24, 25)। [6]ਪਿਛਲੇ ਪਾਠ ਵਿਚ ਇਸ ਵਾਕ ਅੰਸ਼ ਤੇ ਦਿੱਤੀ ਚਰਚ ਦੀ ਸਮੀਖਿਆ ਕਰੋ। [7]ਵਧੇਰੇ ਜਾਣਕਾਰੀ ਲਈ ਪਿਛਲਾ ਪਾਠ ਵੇਖੋ। [8]ਜਿੱਥੇ ਮੈਂ ਰਹਿੰਦਾ ਹਾਂ ਇੱਥੇ, ''ਇਹ ਸਿਰਫ਼ ਆਖ਼ਰੀ ਤਿਣਕਾ ਸੀ'' ਆਖਿਆ ਜਾਵੇਗਾ। [9]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,* ਸੋਧਿਆ ਅੰਕ. ਦ ਡੇਲੀ ਬਾਈਬਲ ਸਟੱਡੀ ਸੀਰੀਜ਼ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1975), 76–77। ਅਗਲੇ ਪੈਰ੍ਹੇ ਬਾਰਕਲੇ ਦੇ ਪੁਆਇੰਟ ਦੀ ਮੇਰੀ ਵਿਆਖਿਆ ਹੈ। [10]ਅਮਰੀਕਾ ਵਿਚ, ਮੈਂ ਕਹਿ ਸਕਦਾ ਹਾਂ, ''ਨਰਾਜ਼, ਰੈੱਡ ਨੈੱਕ ਅਤੇ ਲੋਫ਼ਰ।''

[11]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਮਾਰਕ* (ਆਸਟਿਨ, ਟੈਕਸਸ: ਫ਼ਰਮ ਫ਼ਾਉਂਡੇਸ਼ਨ ਪਬਲਿਸ਼ਿੰਗ ਹਾਊਸ, 1975), 63. [12]ਮਰੀਅਮ ਦੀ ਭੈਣ (ਰਿਸ਼ਤੇਦਾਰ ਇਲੀਸਬਤ) ਦਾ ਪੁੱਤਰ (ਯੂਹੰਨਾ ਬਪਤਿਸਮਾ ਦੇਣ ਵਾਲਾ) ਪਹਿਲਾਂ ਹੀ ਗ੍ਰਿਫ਼ਤਾਰ ਹੋ ਚੁੱਕਿਆ ਸੀ, ਅਤੇ ਉਸ ਦੀ ਮੌਤ ਦੀ ਗੱਲ ਸਭ ਨੂੰ ਪਤਾ ਸੀ। ਕਿਹੜੀ ਮਾਂ ਹੋਵੇਗੀ, ਜਿਹੜੀ ਆਪਣੇ ਪੁੱਤਰ ਦੀ ਪਰਵਾਹ ਨਾ ਕਰੇ? [13]ਇਸ ਆਇਤ ਨੂੰ ਮਰਕੁਸ 2:1, 2 ਨਾਲ ਮਿਲਾਓ। [14]ਮਰਕੁਸ ਦੇ ਵਿਰਤਾਂਤ ਵਿਚ ''ਉਨ੍ਹਾਂ ਨੇ ਉਸ ਨੂੰ ਆਖਿਆ'' ਹੈ। [15]ਚਾਰਲਸ ਆਰ. ਅਰਡਮੈਨ, *ਦ ਗੌਸਪਲ ਆਫ਼ ਮਾਰਕ* (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1967), 74. [16]ਜੇ ਇਹ ਸਰਮਨ ਪਿਛਲੇ ਪਾਠ ਦੇ ਬਾਅਦ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਕਹਿਣਾ ਚਾਹੀਦਾ ਹੈ, ''ਮੈਂ ਫੇਰ ਇਸ ਤੇ ਜ਼ੋਰ ਦਿੰਦਾ ਹਾਂ।'' [17]ਵਿਲੀਅਮ ਅਰੰਡਟ, *ਲੈਸਰ ਪੈਰੇਬਲਸ ਆਫ਼ ਅਵਰ ਲੌਡ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਕ੍ਰੇਗਲ ਪਬਲਿਕੇਸ਼ੰਜ਼, 1884), 115. [18]ਇਸ ਸੂਚੀ ਵਿਚ ਯਿਸੂ ਨੇ ''ਪਿਤਾ'' ਨਹੀਂ ਮਿਲਾਇਆ, ਕਿਉਂਕਿ ਇਹ ਭੂਮਿਕਾ ਸਿਰਫ਼ ਖ਼ੁਦਾ ਲਈ ਰਾਖਵੀਂ ਹੈ (ਮੱਤੀ 23:9)। [19]ਯਕੀਨਨ, ਜੋ ਲੋਕ ਲੰਮੇ ਸਮੇਂ ਤੋਂ ਕਲੀਸੀਆ ਦੇ ਮੈਂਬਰ ਹਨ, ਉਨ੍ਹਾਂ ਨੂੰ ਦੂਜੇ ਮਸੀਹੀ ਲੋਕਾਂ ਨੂੰ ਜਾਣਨ ਦਾ ਸੁਭਾਗ ਮਿਲਿਆ ਹੈ; ਜੋ ਉਨ੍ਹਾਂ ਦੇ ਭਰਾ, ਭੈਣਾ ਅਤੇ, ਮਾਵਾਂ ਵਾਂਗ ਹਨ (1 ਤਿਮੋਥਿਉਸ 5:1, 2)। [20]ਚਾਹੋ ਤਾਂ ਤੁਸੀਂ ਇਸ ਗੱਲ ਤੇ ਜ਼ੋਰ ਦੇ ਸਕਦੇ ਹੋ ਕਿ ਖ਼ੁਦਾ ਦੀ ਮਰਜ਼ੀ ਨੂੰ ਜਾਣਨ ਦਾ ਸਾਡੇ ਕੋਲ ਇੱਕੋ ਇਕ ਢੰਗ ਯਿਸੂ ਦੇ ਰਾਹੀਂ ਹੈ (ਮੱਤੀ 11:27)। ਇਸ ਲਈ ਖ਼ੁਦਾ ਦੀ ਮਰਜ਼ੀ ਨੂੰ ਸੁਣਨ ਅਤੇ ਮੰਨਣ ਲਈ, ਉਹ ਸੁਣਨਾ ਅਤੇ ਮੰਨਣਾ ਜ਼ਰੂਰੀ ਹੈ, ਜੋ *ਮਸੀਹ ਨੇ* ਦੱਸਿਆ।

[21]ਇਹ ਵਾਕ ਆਰ. ਸੀ. ਐੱਚ ਲੇਂਸਕੀ, *ਦ ਇੰਟਰਪਰਿਟੇਸ਼ਨ ਆਫ਼ ਸੇਂਟ ਲੂਕ'ਸ ਗੌਸਪਲ* (ਮਿਨਿਆਪੁਲਿਸ: ਔਗਸਬਰਗ ਪਬਲਿਸ਼ਿੰਗ ਹਾਊਸ, 1946), 461. [22]ਇਹ ਸ਼ਬਦਾਵਲੀ ਗਲਾਤੀਆਂ 5:2 ਵਿੱਚੋਂ ਲਈ ਗਈ ਹੈ; KJV. ਅਜਿਹੀ ਹੀ ਵਰਤੋਂ ਲਈ, ਵੇਖੋ ਮਰਕੁਸ 8:36; ਇਬਰਾਨੀਆਂ 4:2; ਯਾਕੂਬ 2:14, 16. [23]ਖ਼ੁਦਾ ਦੇ ਪਰਿਵਾਰ ਦੀ ਗੱਲ ਕਰਨ ਵਾਲੀ ਇਕ ਹੋਰ ਆਇਤ ਅਫ਼ਸੀਆਂ 3:15 ਹੈ। ਅਫ਼ਸੀਆਂ 3:14, 15 ਵਿਚ NIV ਵਿਚ ਇਵੇਂ ਲਿਖਿਆ ਹੈ, ''ਇਸ ਕਾਰਣ ਮੈਂ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ ਜਿਸ ਤੋਂ ਅਕਾਸ਼ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਉਂ ਆਖੀਦਾ ਹੈ।'' [24]ਯਿਸੂ ਸਾਨੂੰ ''ਭਾਈ'' ਵੀ ਬੁਲਾਉਂਦਾ ਹੈ (ਇਬਰਾਨੀਆਂ 2:11)। [25]ਰਸੂਲਾਂ ਦੇ ਕੰਮ 2:47 ਵਿਚ KJV ਵਿਚ ਕਲੀਸੀਆ ਲਈ ''ਚਰਚ'' ਸ਼ਬਦ ਹੈ, ਪਰ KJV ਅਤੇ ਪੰਜਾਬੀ ਬਾਈਬਲ ਸਣੇ ਹੋਰ ਅਨੁਵਾਦਾਂ ਵਿਚ ਨਹੀਂ ਹੈ। ਰਾਜ/ਕਲੀਸੀਆ (ਮੱਤੀ 16:18, 19) ਦੀ ਸਥਾਪਨਾ ਰਸੂਲਾਂ ਦੇ ਕੰਮ 2 ਅਧਿਆਇ ਵਿਚ (ਵੇਖੋ ਰਸੂਲਾਂ ਦੇ ਕੰਮ 1:6–9; 2:1–4) ਹੋਈ ਸੀ, ਇਸ ਲਈ ਅਸੀਂ ਜਾਣਦੇ ਹਾਂ ਕਿ ਆਇਤ 47 ਵਿਚ ''ਉਨ੍ਹਾਂ ਲਈ ਹੀ ਆਖਿਆ ਗਿਆ ਹੈ, ਜੋ ਰਾਜ ਦੇ ਲੋਕ ਭਾਵ ਕਲੀਸੀਆ ਦੇ ਮੈਂਬਰ ਹਨ। [26]ਭਾਵ ਦੂਜਾ ਸੁਰਗ ਵਿਚ ਜਾਣ ਲਈ ਲਾਜ਼ਮੀ ਹੈ ਅਤੇ ਤੁਹਾਡੀ ਜ਼ਿੰਦਗੀ ਵਿਚ ਖ਼ੁਦਾ ਦੇ ਮਕਸਦ ਨੂੰ ਪੂਰਾ ਕਰਨ ਲਈ ਲਾਜ਼ਮੀ ਹੈ। [27]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,* ਸੋਧਿਆ ਅੰਕ, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1975), 82–83. [28]ਕਿਸੇ ਦੇ ਪਰਿਵਾਰ ਨਾਲ ਵਫ਼ਾਦਾਰੀ ਦੀਆਂ

ਗੱਲਾਂ ਗਲਤ ਤਰਜੀਹਾਂ ਦੀ ਮਿਸਾਲ ਦੇ ਤੌਰ ਤੇ ਲੂਕਾ 9:59–62 ਨੂੰ ਵਰਤਿਆ ਜਾ ਸਕਦਾ ਹੈ। [29]ਗੋਰਡਨ ਪੌਵੱਲ, *ਡਿਫੀਕਲਟ ਸੇਇੰਗਜ਼ ਆਫ਼ ਜੀਜ਼ਸ* (ਪੰਨਾ ਰਹਿਤ: ਫ਼ਲੇਮਿੰਗ ਐੱਚ. ਰੇਵਲ ਕੰ., 1962), 21. [30]ਜੇ ਇਸ ਵਾਕ ਵਿਚ ਵਿਸਥਾਰ ਦੀ ਲੋੜ ਹੋਵੇ, ਤਾਂ ਤੁਸੀਂ ਕੁਝ ਉਦਾਹਰਣਾਂ ਦੇਣ ਦੀ ਕੋਸ਼ਿਸ਼ ਕਰ ਸਕਦੇ ਹੋ: ''ਜਦ ਮੈਂ ਮੁੰਡਾ ਸਾਂ, ਤਾਂ ਮੈਨੂੰ ਲਗਦਾ ਸੀ ਕਿ ਮੈਂ ਦੌੜ ਸਕਦਾ ਹਾਂ– ਪਰ ਜਦ ਮੈਂ ਕੌਮਾਂਤਰੀ ਪੱਧਰ ਦੇ ਦੌੜਾਕ ਨੂੰ ਵੇਖਿਆ, ਤਾਂ ਇਹ ਲੱਗਾ ਜਿਵੇਂ ਦੌੜ ਹੀ ਨਹੀਂ ਸਕਦਾ ਹਾਂ।'' ''ਕਾਲਜ ਵਿਚ ਆਪਣੇ ਪਹਿਲੇ ਕੁਝ ਸਾਲ ਮੈਂ ਆਪਣੇ ਇਕ ਸਿੰਕ ਵਿਚ ਹੀ ਆਪਣੇ ਕੱਪੜੇ ਧੋਂਦਾ ਸਾਂ। ਮੈਨੂੰ ਲਗਦਾ ਸੀ ਕਿ ਮੈਂ ਆਪਣੇ ਚਿੱਟੇ ਕੱਪੜੇ ਹੋਰ ਚਿੱਟੇ ਕਰ ਲਏ ਹਨ। ਜਦਕਿ ਅਖ਼ੀਰ ਵਿਚ ਉਨ੍ਹਾਂ ਨੂੰ ਮੈਂ ਹੋਰ ਚਿੱਟੀ ਚੀਜ਼ ਕੋਲ ਰੱਖ ਕੇ ਨਹੀਂ ਸੀ ਵੇਖਿਆ, ਫਿਰ ਮੈਨੂੰ ਸਮਝ ਆਈ ਕਿ ਉਹ ਚਿੱਟੇ ਹੋਣੇ ਹੀ ਨਹੀਂ ਸਨ।''

[31]ਪਰ ਕਈ ਵਾਰ ਪਰਿਵਾਰ ਦੇ ਦੂਜੇ ਮੈਂਬਰਾਂ ਨਾਲ ਵੈਰ ਕਰਕੇ ਰਿਸ਼ਤੇ ਖਰਾਬ ਹੋ ਜਾਂਦੇ ਹਨ। ਇਸ ਸਰਮਨ ਵਿਚ ਬਾਅਦ ਵਿਚ ਜ਼ਿਕਰ ਕੀਤਾ ਗਿਆ ਹੈ। [32]ਵਿਲੀਅਮ ਹੈਂਡਰਿਕਸਨ, *ਨਿਊ ਟੈਸਟਾਮੈਂਟ ਕਮੈਂਟਰੀ: ਦ ਗੌਸਪਲ ਆਫ਼ ਲੂਕ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1978), 437. [33]ਜੇ ਯਿਸੂ ਨੂੰ ਲੋਕਾਂ ਦੀ ਭੀੜ ਚੋਟੀ ਤੋਂ ਹੇਠਾਂ ਨਹੀਂ ਡੇਗ ਰਹੀ ਸੀ (ਲੂਕਾ 4:28–30), ਤਾਂ ਉਸ ਦੇ ਭਰਾ ਉਸ ਨੂੰ ਉਸਦੀ ਇੱਛਾ ਦੇ ਉਲਟ ਖਿੱਚ ਕੇ ਕਿਵੇਂ ਲਿਜਾ ਸਕਦੇ ਸਨ। [34]ਇਹ ਦ੍ਰਿਸ਼ ਡੇਵਿਡ ਰੋਪਰ, ''ਦ ਨਾਈਟ ਆਈ ਵੈਂਟ ਟੂ ਹੈਵਨ'' (ਟ੍ਰੈਕਟ) (ਬ੍ਰੋਕਨ ਐਰੋ, ਓਕਲਾਹੋਮਾ: ਕ੍ਰਿਸਚਿਅਨ ਕਮਿਉਨਿਕੇਸ਼ੰਜ਼, ਪੰਨਾ ਰਹਿਤ), 11–12 ਵਿਚ ਦਿੱਤਾ ਗਿਆ। [35]ਅਕਸਰ ਕਿਸੇ ਮਸੀਹੀ ਔਰਤ ਦਾ ਪਤੀ ਮਸੀਹੀ ਨਾ ਹੋਣ ਤੇ ਝਗੜਾ ਹੋ ਜਾਂਦਾ ਹੈ, 1 ਪਤਰਸ 3:1–6 ਵਿਚ ਪਤਰਸ ਨੇ ਮਸੀਹੀ ਪਤਨੀਆਂ ਨੂੰ ਦੱਸਿਆ ਕਿ ਅਜਿਹੀ ਹਾਲਤ ਵਿਚ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ।